## ਅਧਿਆਇ 14

# ਲਾਲ ਸਮੁੰਦਰ ਪਾਰ ਕਰਨਾ

14 ਅਤੇ 15 ਅਧਿਆਵਾਂ ਵਿਚ ਮਿਸਰ ਵਿੱਚੋਂ ਇਸਰਾਏਲ ਦੇ ਛੁਟਕਾਰੇ ਦੀ ਕਹਾਣੀ ਵਿਚ ਆਖ਼ਰੀ ਘਟਨਾ ਹੈ। ਅਧਿਆਇ 14 ਵਿਚ ਲੋਕ ਪਰਮੇਸ਼ੁਰ ਦੀ ਸ਼ਕਤੀਸ਼ਾਲੀ ਮੁਕਤੀ (ਛੁਟਕਾਰੇ) ਦਾ ਅਨੁਭਵ ਕਰਦੇ ਹਨ, ਜਦ ਕਿ ਅਧਿਆਇ 15 ਵਿਚ ਉਹ ਇਸ ਦਾ ਜਸ਼ਨ ਮਨਾਉਂਦੇ ਹਨ।

ਪਰਮੇਸ਼ੁਰ ਨੇ ਇਸਰਾਏਲ ਨੂੰ ਪੀ-ਹਹੀਰੋਥ ਦੀ ਵੱਲ ਜਾਣ ਅਤੇ ਲਾਲ ਸਮੁੰਦਰ ਦੇ ਨੇੜੇ ਡੇਰਾ ਲਾਉਣ ਦਾ ਨਿਰਦੇਸ਼ ਦਿੱਤਾ ਸੀ (14:1, 2)। ਫਿਰ ਉਸ ਨੇ ਜੋ ਹੋਵੇਗਾ ਉਸ ਦੀ ਨਬੂਵਤ ਕੀਤੀ ਸੀ: ਫ਼ਿਰਊਨ ਦਾ ਮਨ ਕਠੋਰ ਹੋ ਜਾਵੇਗਾ ਅਤੇ ਉਹ ਇਸਰਾਏਲੀਆਂ ਦਾ ਪਿੱਛਾ ਕਰੇਗਾ; ਪਰ ਅੰਤ ਵਿਚ ਪਰਮੇਸ਼ੁਰ ਨੂੰ ਆਦਰ ਮਿਲੇਗਾ (14:3, 4)।

ਜਿਵੇਂ ਕਿ ਪਰਮੇਸ਼ੁਰ ਨੇ ਪਹਿਲਾਂ ਹੀ ਦੱਸ ਦਿੱਤਾ ਸੀ, ਜਦੋਂ ਫ਼ਿਰਊਨ ਨੂੰ ਪਤਾ ਲੱਗਾ ਕਿ ਇਸਰਾਏਲੀ ਨਿੱਕਲ ਗਏ ਹਨ, ਉਸ ਨੇ ਉਨ੍ਹਾਂ ਨੂੰ ਭੇਜਣ ਬਾਰੇ ਆਪਣਾ ਮਨ ਬਦਲ ਲਿਆ। ਛੇ ਸੌ ਰੱਥਾਂ ਨੂੰ ਨਾਲ ਲੈ ਕੇ, ਉਸ ਨੇ ਉਜਾੜ ਵਿਚ ਉਨ੍ਹਾਂ ਦਾ ਪਿੱਛਾ ਕੀਤਾ, ਸ਼ਾਇਦ ਉਹ ਉਨ੍ਹਾਂ ਨੂੰ ਵਾਪਸ ਮੁੜਨ ਦੇ ਲਈ ਮਜਬੂਰ ਕਰਨਾ ਚਾਹੁੰਦਾ ਸੀ। ਮਿਸਰੀ ਫੌਜਾਂ ਨੇ ਪੀ-ਹਹੀਰੋਥ ਵਿਚ ਪਰਮੇਸ਼ੁਰ ਦੀ ਪਰਜਾ ਨੂੰ ਜਾ ਫੜਿਆ (14:5-9)।

ਜਦੋਂ ਇਸਰਾਏਲੀਆਂ ਨੇ ਮਿਸਰੀ ਫੌਜ ਨੂੰ ਵੇਖਿਆ, ਉਹ ਡਰ ਗਏ ਅਤੇ ਉਨ੍ਹਾਂ ਨੇ ਮੂਸਾ ਤੇ ਉਨ੍ਹਾਂ ਨੂੰ ਉਜਾੜ ਵਿਚ ਮਰਨ ਦੇ ਲਈ ਲੈ ਕੇ ਆਉਣ ਦਾ ਦੋਸ਼ ਲਾਇਆ। ਮੂਸਾ ਨੇ ਲੋਕਾਂ ਨੂੰ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਯਹੋਵਾਹ ਉਨ੍ਹਾਂ ਨੂੰ ਬਚਾਵੇਗਾ (14:10-14)। ਫਿਰ ਪਰਮੇਸ਼ੁਰ ਨੇ ਮੂਸਾ ਨੂੰ ਉਹ ਕਰਨ ਦੀ ਹਦਾਇਤ ਦਿੱਤੀ ਜੋ ਉਸ ਨੇ ਕਰਨਾ ਸੀ ਅਤੇ ਇਹ ਐਲਾਨ ਕੀਤਾ ਕਿ ਪਰਮੇਸ਼ੁਰ "ਆਦਰ ਪਾਵੇਗਾ" (14:15-18)।

ਜਦੋਂ "ਪਰਮੇਸ਼ੁਰ ਦੇ ਦੂਤ" ਨੇ ਬੱਦਲ ਦੇ ਥੰਮ੍ਹ ਨਾਲ ਮਿਸਰੀਆਂ ਨੂੰ ਰੋਕੀ ਰੱਖਿਆ (14:19, 20), ਮੂਸਾ ਨੇ ਆਪਣਾ ਹੱਥ ਲੰਮਾ ਕੀਤਾ। ਸਮੁੰਦਰ ਦੋ ਭਾਗ ਹੋ ਗਿਆ ਅਤੇ ਇਸਰਾਏਲੀਆਂ ਨੇ ਸੁੱਕੀ ਥਾਂ ਤੇ ਤੁਰ ਕੇ ਸਮੁੰਦਰ ਨੂੰ ਪਾਰ ਕਰ ਲਿਆ (14:21, 22, 29)। ਜਦੋਂ ਫ਼ਿਰਊਨ ਦੀ ਫੌਜ ਨੇ ਇਸਰਾਏਲੀਆਂ ਦਾ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ, ਪਰਮੇਸ਼ੁਰ ਨੇ ਇਸ ਨੂੰ ਅਸੰਭਵ ਬਣਾ ਦਿੱਤਾ (14:23-25)। ਮੂਸਾ ਵੱਲੋਂ ਇਸ਼ਾਰਾ ਕਰਨ ਤੇ, ਸੁੱਕੀ ਥਾਂ ਫੇਰ ਸਮੁੰਦਰ ਵਿਚ ਬਦਲ ਗਈ ਅਤੇ ਸਾਰੀ ਫੌਜ ਰੱਥਾਂ ਸਮੇਤ ਸਮੁੰਦਰ ਵਿਚ ਨਾਸ ਹੋ ਗਈ (14:26-28)।

ਜਦੋਂ ਇਸਰਾਏਲੀਆਂ ਨੇ ਵੇਖਿਆ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਮਿਸਰੀਆਂ ਦੇ ਹੱਥੋਂ ਬਚਾ ਲਿਆ ਹੈ ਅਤੇ ਜਦੋਂ ਉਨ੍ਹਾਂ ਨੇ ਮਿਸਰੀਆਂ ਦੀਆਂ ਲੋਥਾਂ ਵੇਖੀਆਂ, ਉਹ "ਯਹੋਵਾਹ ਕੋਲੋਂ ਡਰ ਗਏ" ਅਤੇ "ਉਨ੍ਹਾਂ ਨੇ ਯਹੋਵਾਹ ਉੱਤੇ ਅਤੇ ਉਸ ਦੇ ਦਾਸ ਮੂਸਾ ਉੱਤੇ ਪਰਤੀਤ ਕੀਤੀ" (14:30, 31)।

## ਫ਼ਿਰਊਨ ਅਤੇ ਉਸ ਦੀ ਫੌਜ ਦੁਆਰਾ ਪਿੱਛਾ ਕਰਨਾ (14:1-9)

**[1]ਯਹੋਵਾਹ ਮੂਸਾ ਨਾਲ ਬੋਲਿਆ, [2]ਇਸਰਾਏਲੀਆਂ ਨੂੰ ਬੋਲ ਕਿ ਓਹ ਮੁੜ ਜਾਣ ਅਰ ਪੀ-**

**ਹਹੀਰੋਥ ਦੇ ਸਾਹਮਣੇ ਮਿਗਦੋਲ ਅਰ ਸਮੁੰਦਰ ਦੇ ਵਿਚਕਾਰ ਬਆਲ-ਸਫ਼ੋਨ ਦੇ ਸਾਹਮਣੇ ਡੇਰਾ ਲਾਉਣ। ਉਸ ਦੇ ਸਾਹਮਣੇ ਸਮੁੰਦਰ ਦੇ ਕੋਲ ਡੇਰਾ ਲਾਓ। 3ਫ਼ਿਰਊਨ ਇਸਰਾਏਲੀਆਂ ਲਈ ਆਖੇਗਾ ਕਿ 'ਓਹ ਧਰਤੀ ਵਿੱਚ ਫਸ ਗਏ ਹਨ ਅਰ ਉਜਾੜ ਨੇ ਉਨ੍ਹਾਂ ਨੂੰ ਅਟਕਾ ਲਿਆ ਹੈ। 4ਮੈਂ ਫ਼ਿਰਊਨ ਦੇ ਮਨ ਨੂੰ ਕਠੋਰ ਹੋਣ ਦੇਵਾਂਗਾ ਅਰ ਉਹ ਉਨ੍ਹਾਂ ਦਾ ਪਿੱਛਾ ਕਰੇਗਾ ਅਤੇ ਮੈਂ ਫਿਰਊਨ ਅਤੇ ਉਸ ਦੀ ਸਾਰੀ ਫੌਜ ਤੋਂ ਆਦਰ ਪਾਵਾਂਗਾ ਤਾਂ ਜੋ ਮਿਸਰੀ ਜਾਣਨ ਕਿ ਮੈਂ ਯਹੋਵਾਹ ਹਾਂ। ਫੇਰ ਉਨ੍ਹਾਂ ਨੇ ਤਿਵੇਂ ਹੀ ਕੀਤਾ। 5ਤਾਂ ਮਿਸਰ ਦੇ ਰਾਜੇ ਨੂੰ ਦੱਸਿਆ ਗਿਆ ਕਿ ਓਹ ਲੋਕ ਨੱਠ ਗਏ ਹਨ। ਤਾਂ ਫ਼ਿਰਊਨ ਅਰ ਉਸ ਦੇ ਟਹਿਲੂਆਂ ਦੇ ਮਨ ਉਨ੍ਹਾਂ ਲੋਕਾਂ ਵੱਲੋਂ ਫਿਰ ਗਏ ਅਤੇ ਉਨ੍ਹਾਂ ਨੇ ਆਖਿਆ, ਏਹ ਕੀ ਹੈ ਜੋ ਆਪਾਂ ਕੀਤਾ ਕਿ ਆਪਾਂ ਇਸਰਾਏਲ ਨੂੰ ਆਪਣੀ ਟਹਿਲ ਤੋਂ ਜਾਣ ਦਿੱਤਾ? 6ਤਾਂ ਉਸ ਨੇ ਆਪਣਾ ਰਥ ਜੁੜਾਇਆ ਅਰ ਆਪਣੀ ਰਈਅਤ ਨੂੰ ਨਾਲ ਲਿਆ। 7ਨਾਲੇ ਉਸ ਨੇ ਛੇ ਸੌ ਚੁਗਵੇਂ ਰਥ ਅਰ ਮਿਸਰ ਦੇ ਬਾਕੀ ਰਥ ਭੀ ਲਏ ਅਤੇ ਸਾਰਿਆਂ ਉੱਤੇ ਅਫ਼ਸਰ ਬਹਾਏ। 8ਅਰ ਯਹੋਵਾਹ ਨੇ ਮਿਸਰ ਦੇ ਰਾਜੇ ਫ਼ਿਰਊਨ ਦਾ ਮਨ ਕਠੋਰ ਹੋਣ ਦਿੱਤਾ ਅਤੇ ਉਸ ਨੇ ਇਸਰਾਏਲੀਆਂ ਦਾ ਪਿੱਛਾ ਕੀਤਾ ਪਰ ਇਸਰਾਏਲੀ ਜਬਰਦਸਤੀ ਨਾਲ ਨਿੱਕਲਦੇ ਜਾਂਦੇ ਸਨ। 9ਅਰ ਮਿਸਰੀਆਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਫ਼ਿਰਊਨ ਦੇ ਸਾਰੇ ਘੋੜੇ ਅਰ ਰਥ ਅਰ ਉਸ ਦੇ ਘੋੜ ਚੜ੍ਹੇ ਅਰ ਉਸ ਦੀ ਫੌਜ ਉਨ੍ਹਾਂ ਦੇ ਤੰਬੂ ਲਾਉਂਦਿਆਂ ਤੇ ਸਮੁੰਦਰ ਦੇ ਕੋਲ ਅਰ ਪੀ-ਹਹੀਰੋਥ ਦੇ ਕੋਲ ਬਆਲ-ਸਫ਼ੋਨ ਦੇ ਸਾਹਮਣੇ ਜਾ ਟੱਕਰੀ।**

**ਆਇਤਾਂ 1, 2.** ਪਿਛਲੇ ਅਧਿਆਇ ਵਿਚ, ਇਸਰਾਏਲੀਆਂ ਨੇ ਏਥਾਮ ਵਿਚ ਡੇਰਾ ਲਾਇਆ ਸੀ (13:20)। ਉੱਥੋਂ, ਪਰਮੇਸ਼ੁਰ ਨੇ ਉਨ੍ਹਾਂ ਨੂੰ **ਮੁੜ ਜਾਣ ਅਰ ਪੀ-ਹਹੀਰੋਥ ਦੇ ਸਾਹਮਣੇ ... ਬਆਲ-ਸਫ਼ੋਨ ਦੇ ਸਾਹਮਣੇ ਡੇਰਾ ਲਾਉਣ** ਦੀ ਹਦਾਇਤ ਦਿੱਤੀ ਸੀ, ਲਾਲ ਸਮੁੰਦਰ ਦੇ ਲਾਗੇ। ਇਨ੍ਹਾਂ ਥਾਵਾਂ ਦੀ ਸਥਿਤੀ ਅਨਿਸ਼ਚਤ ਹੈ। (*ਵਾਧੂ ਅਧਿਐਨ: ਕੂਚ ਦਾ ਰਾਹ* ਵਿਚ ਨਕਸ਼ਾ ਵੇਖੋ।)

**ਆਇਤ 3. ਫ਼ਿਰਊਨ** ਦੇ ਲਈ, ਇਸਰਾਏਲੀਆਂ ਨੇ ਜੋ ਰਸਤਾ ਅਪਨਾਇਆ ਸੀ ਉਸ ਦਾ ਕੋਈ ਅਰਥ ਨਹੀਂ ਹੋਵੇਗਾ; ਇਹ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੋਵੇਗਾ ਕਿ ਲੋਕ ਗੁਆਚ ਗਏ ਹਨ, **ਧਰਤੀ ਵਿੱਚ ਫਸ ਗਏ ਹਨ**। CEV ਬਾਈਬਲ ਕਹਿੰਦੀ ਹੈ, "ਰਾਜਾ ਸੋਚੇਗਾ ਕਿ ਉਹ ਉਜਾੜ ਨੂੰ ਪਾਰ ਕਰਨ ਤੋਂ ਡਰ ਗਏ ਸਨ ਅਤੇ ਉਹ ਇੱਧਰ-ਉੱਧਰ ਭਟਕ ਰਹੇ ਸਨ ਅਤੇ ਦੇਸ ਵਿੱਚੋਂ ਨਿੱਕਲਣ ਦਾ ਕੋਈ ਹੋਰ ਰਾਹ ਲੱਭਣ ਦੀ ਕੋਸ਼ਿਸ਼ ਕਰ ਰਹੇ ਸਨ।" ਜਦ ਕਿ ਇਹ ਰਣਨੀਤੀ ਅਜੀਬ ਜਾਪਦੀ ਹੈ, ਇਹ ਪਰਮੇਸ਼ੁਰ ਦੇ ਉਦੇਸ਼ ਨਾਲ ਮਿਲਦੀ ਸੀ: ਇਸ ਨੇ ਇਕ ਫੰਦਾ ਲਾਇਆ ਜਿਸ ਦੇ ਵਿਚ ਉਹ ਫ਼ਿਰਊਨ ਦੀ ਫੌਜ ਨੂੰ ਫੜੇਗਾ ਤਾਂ ਜੋ ਉਹ ਇਸਰਾਏਲ ਨੂੰ ਅਜ਼ਾਦ ਕਰਾ ਸਕੇ ਅਤੇ ਆਪਣਾ ਬਲ ਵਿਖਾਵੇ।

**ਆਇਤ 4.** ਪਰਮੇਸ਼ੁਰ ਨੇ ਖੁਦ ਆਪਣੇ ਉਦੇਸ਼ਾਂ ਨੂੰ ਸਮਝਾਇਆ, ਇਹ ਕਹਿੰਦੇ ਹੋਏ ਕਿ ਉਹ ਦਾ ਉਦੇਸ਼ **ਫ਼ਿਰਊਨ ਦੇ ਮਨ ਨੂੰ ਕਠੋਰ ਕਰਨਾ** ਸੀ। ਕੂਚ ਦੀ ਪੁਸਤਕ ਕਈ ਵਾਰ ਕਹਿੰਦੀ ਹੈ ਕਿ ਫ਼ਿਰਊਨ ਨੇ ਆਪਣੇ ਮਨ ਨੂੰ ਕਠੋਰ ਕਰ ਲਿਆ ਸੀ; ਪਰ ਬਵਾਂ ਦੇ ਵਿਰਤਾਂਤਾਂ ਦੇ ਅੰਤ ਵਿਚ, ਭਾਸ਼ਾ ਇਹ ਸੰਕੇਤ ਦਿੰਦੀ ਹੈ ਕਿ ਪਰਮੇਸ਼ੁਰ ਆਪਣੇ ਉਦੇਸ਼ ਨੂੰ ਪੂਰਾ ਕਰਨ ਦੇ ਲਈ ਫ਼ਿਰਊਨ ਦੇ ਮਨ ਨੂੰ ਕਠੋਰ ਕਰ ਰਿਹਾ ਸੀ। ਜਦੋਂ ਪਰਮੇਸ਼ੁਰ ਨੇ ਬਵਾਂ ਘੱਲੀਆਂ ਅਤੇ ਆਪਣੀ ਪਰਜਾ ਨੂੰ ਅਜ਼ਾਦ ਕੀਤਾ, ਉਸ ਨੇ ਇਹ ਵਿਖਾਇਆ ਕਿ ਉਹ ਸੱਚਮੁੱਚ ਸਭਨਾਂ ਉੱਤੇ ਪਰਮੇਸ਼ੁਰ ਹੈ। ਜਦੋਂ ਫ਼ਿਰਊਨ ਇਸਰਾਏਲੀਆਂ ਦਾ ਪਿੱਛਾ ਕਰੇਗਾ ਅਤੇ ਹਾਰ ਜਾਵੇਗਾ, ਪਰਮੇਸ਼ੁਰ **ਆਦਰ** ਪਾਵੇਗਾ ਅਤੇ ਮਿਸਰੀ **ਜਾਣ** ਲੈਣਗੇ ਕਿ ਉਹ **ਯਹੋਵਾਹ** ਹੈ।

**ਆਇਤ 5.** ਇਹ ਪਤਾ ਲੱਗਣ ਤੇ ਕਿ ਇਸਰਾਏਲੀ ਮਿਸਰ ਨੂੰ ਛੱਡ ਗਏ ਸਨ, ਫ਼ਿਰਊਨ ਅਰ ਉਸ ਦੇ ਟਹਿਲੂਆਂ ਨੇ ਪੁੱਛਿਆ, **ਏਹ ਕੀ ਹੈ ਜੋ ਆਪਾਂ ਕੀਤਾ?** ਸ਼ਾਇਦ ਉਸ ਦੇ ਸਲਾਹਕਾਰਾਂ ਨੇ

ਉਸ ਨੂੰ ਸੂਚਨਾ ਦਿੱਤੀ ਸੀ ਕਿ ਇਸਰਾਏਲੀ ਉਜਾੜ ਵਿਚ ਜਾ ਕੇ ਉਪਾਸਨਾ ਕਰਨ ਦੀ ਬਜਾਇ ਦੇਸ ਨੂੰ ਛੱਡ ਕੇ ਭੱਜਣ ਦੀ ਕੋਸ਼ਿਸ਼ ਕਰ ਰਹੇ ਸਨ, ਜਿਵੇਂ ਕਿ ਉਸ ਨੂੰ ਡਰ ਸੀ।[1] ਸੰਭਵ ਤੌਰ ਤੇ, ਫ਼ਿਰਊਨ ਨੇ **ਲੋਕਾਂ** ਨੂੰ ਭੇਜਣ ਬਾਰੇ ਆਪਣਾ ਮਨ ਬਦਲ ਲਿਆ ਸੀ, ਜਿਵੇਂ ਕਿ ਉਸ ਨੇ ਪਹਿਲਾਂ ਬਵਾਂ ਤੋਂ ਬਾਅਦ ਕੀਤਾ ਸੀ। ਜੋ ਵੀ ਸੀ, ਮਿਸਰੀਆਂ ਨੂੰ ਅਹਿਸਾਸ ਹੋ ਗਿਆ ਕਿ ਉਨ੍ਹਾਂ ਨੇ ਕਿਸੇ ਕੀਮਤੀ ਚੀਜ਼ ਨੂੰ ਗੁਆ ਦਿੱਤਾ ਹੈ; ਹੁਣ ਤੋਂ ਉਨ੍ਹਾਂ ਦੀਆਂ ਇਮਾਰਤਾਂ ਨੂੰ ਬਣਾਉਣ ਦੇ ਲਈ ਉਨ੍ਹਾਂ ਕੋਲ ਮੁਫ਼ਤ ਵਿਚ ਮਜਦੂਰੀ ਕਰਨ ਦੇ ਲਈ ਇਸਰਾਏਲੀ ਲੋਕ ਨਹੀਂ ਹੋਣਗੇ।

**ਆਇਤਾਂ 6, 7.** ਨਤੀਜੇ ਵਜੋਂ, ਫ਼ਿਰਊਨ ਨੇ ਉਸ ਦੀ ਗੁਆਚੀ ਹੋਈ ਸੰਪਤੀ ਦਾ ਪਿੱਛਾ ਕਰਨ ਦਾ ਫ਼ੈਸਲਾ ਕੀਤਾ। **ਉਸ ਦੇ ਆਪਣੇ ਰਥ** ਦੇ ਨਾਲ **ਉਸ ਨੇ ਛੇ ਸੌ ਚੁਗਵੇਂ ਰਥ ਅਰ ਮਿਸਰ ਦੇ ਬਾਕੀ ਰਥ ਭੀ ਲਏ**। ਉਸ ਨੇ **ਸਾਰਿਆਂ ਰਥਾਂ ਉੱਤੇ ਅਫ਼ਸਰ ਬਹਾਏ**। "ਅਫ਼ਸਰ" (*שָׁלִשׁ*, *ਸ਼ਾਲਿਸ਼)* ਸ਼ਬਦ ਮੂਲ ਰੂਪ ਵਿਚ ਰਥ ਤੇ ਤੀਜੇ ਵਿਅਕਤੀ ਦਾ ਹਵਾਲਾ ਦਿੰਦਾ ਸੀ; ਇਸ ਸਮੂਹ ਵਿਚ ਅਕਸਰ ਤਿੰਨ ਜਣੇ ਹੁੰਦੇ ਸਨ, ਡਰਾਈਵਰ, ਢਾਲ ਨੂੰ ਚੁੱਕਣ ਵਾਲਾ ਅਤੇ ਇਕ ਯੋਧਾ। ਲਿਖਤ ਇਹ ਸੰਕੇਤ ਦਿੰਦੀ ਹੈ ਕਿ ਹਰ ਇਕ ਰਥ ਤੇ ਤਿੰਨ-ਤਿੰਨ ਵਿਅਕਤੀ ਸਨ। ਪਰ, ਬਾਅਦ ਵਿਚ ਇਹ ਸ਼ਬਦ ਉੱਚੇ ਅਹੁਦੇ ਵਾਲੇ "ਅਫ਼ਸਰ" ਦੇ ਲਈ ਵਰਤਿਆ ਜਾਣ ਲੱਗਾ ਅਤੇ ਜ਼ਿਆਦਾਤਰ ਅਨੁਵਾਦਾਂ ਵਿਚ ਇਸ ਸ਼ਬਦ ਦਾ ਅਰਥ ਇਹੀ ਹੈ।[2] ਕਿਉਂਕਿ ਰਥ ਉਸ ਸਮੇਂ ਵਿਚ ਉਪਬਲਧ ਯੁੱਧ ਦਾ ਸਭ ਤੋਂ ਖ਼ਤਰਨਾਕ ਹਥਿਆਰ (ਅੱਜ ਕੱਲ੍ਹ ਦੇ ਸਮੇਂ ਦਾ ਟੈਂਕ) ਸੀ, ਫ਼ਿਰਊਨ ਦੀਆਂ ਫੌਜਾਂ ਸੱਚਮੁੱਚ ਭਿਆਣਕ ਸਨ।

**ਆਇਤ 8.** ਇੱਥੇ ਆ ਕੇ ਸਥਿਤੀ ਦਾ ਸਾਰ ਪੇਸ਼ ਕੀਤਾ ਗਿਆ ਹੈ। ਨਾ ਸਿਰਫ ਫ਼ਿਰਊਨ ਨੇ ਆਪਣਾ "ਮਨ ਬਦਲਿਆ" ਸੀ (14:5), ਪਰ **ਯਹੋਵਾਹ ਨੇ** ਵੀ **ਫ਼ਿਰਊਨ ਦਾ ਮਨ ਕਠੋਰ ਹੋਣ ਦਿੱਤਾ ਸੀ**। ਇਸ ਲਈ, ਫ਼ਿਰਊਨ ਨੇ ਇਸਰਾਏਲੀਆਂ ਦਾ **ਪਿੱਛਾ ਕੀਤਾ** ਜਦੋਂ ਉਹ **ਜਬਰ ਦਸਤੀ ਨਾਲ ਨਿੱਕਲਦੇ ਜਾਂਦੇ ਸਨ**। ਵਾਕ בְּיָד רָמָה *(ਬੀਯਾਡ ਰਾਮਾਹ)* ਜਿਸ ਦਾ ਅਨੁਵਾਦ "ਜਬਰ ਦਸਤੀ ਨਾਲ" ਕੀਤਾ ਗਿਆ ਹੈ ਉਸ ਦਾ ਸ਼ਾਬਦਿਕ ਅਰਥ ਹੈ "ਘਮੰਡ ਨਾਲ।" ਇਹ ਸ਼ਬਦਾਵਲੀ "ਇਸਰਾਏਲ ਵੱਲੋਂ ਭਰੋਸੇ ਬਾਰੇ ਦੱਸਦੀ ਹੈ, ਸ਼ਾਇਦ ਉਸ ਖ਼ਤਰੇ ਦੀ ਅਗਿਆਨਤਾ ਦੇ ਕਾਰਨ ਜੋ ਉਨ੍ਹਾਂ ਦੇ ਸਿਰ ਦੇ ਮੰਡਰਾ ਰਿਹਾ ਸੀ।"[3]

**ਆਇਤ 9.** ਵਿਰਤਾਂਤ ਆਇਤ 7 ਤੋਂ ਫੇਰ ਸ਼ੁਰੂ ਹੁੰਦਾ ਹੈ, ਇਹ ਦੱਸਦੇ ਹੋਏ ਕਿ ਫ਼ਿਰਊਨ ਨੇ **ਉਸ ਦੇ ਘੋੜ ਚੜ੍ਹੇ ਅਰ ਉਸ ਦੀ ਫੌਜ ਨਾਲ** ਇਸਰਾਏਲੀਆਂ ਦਾ ਪਿੱਛਾ ਕੀਤਾ। ਉਹ ਪਿੱਛਾ ਕਰਨ ਵਿਚ ਸਫ਼ਲ ਰਹੇ; ਮਿਸਰੀ ਫੌਜਾਂ ਨੇ ਇਸਰਾਏਲੀਆਂ ਨੂੰ ਜਾ ਫੜਿਆ ਜਦੋਂ ਇਸਰਾਏਲੀਆਂ ਨੇ ਲਾਲ ਸਮੁੰਦਰ ਦੇ ਲਾਗੇ ਡੇਰਾ ਲਾਇਆ ਹੋਇਆ ਸੀ।

## ਇਸਰਾਏਲੀਆਂ ਦਾ ਡਰ (14:10-14)

**[10]ਜਦ ਫ਼ਿਰਊਨ ਨੇੜੇ ਆਇਆ ਤਾਂ ਇਸਰਾਏਲੀਆਂ ਨੇ ਆਪਣੀਆਂ ਅੱਖਾਂ ਚੁੱਕੀਆਂ ਅਤੇ ਵੇਖੋ ਮਿਸਰੀ ਉਨ੍ਹਾਂ ਦੇ ਪਿੱਛੇ ਪਿੱਛੇ ਆ ਰਹੇ ਸਨ ਤਾਂ ਓਹ ਬਹੁਤ ਹੀ ਡਰੇ ਅਰ ਇਸਰਾਏਲੀਆਂ ਨੇ ਯਹੋਵਾਹ ਦੇ ਅੱਗੇ ਤਰਲੇ ਕੀਤੇ। [11]ਉਪਰੰਤ ਉਨ੍ਹਾਂ ਨੇ ਮੂਸਾ ਨੂੰ ਆਖਿਆ, ਕੀ ਮਿਸਰ ਵਿੱਚ ਕਬਰਾਂ ਨਹੀਂ ਸਨ ਕਿ ਤੂੰ ਸਾਨੂੰ ਮਰਨ ਲਈ ਉਜਾੜ ਵਿੱਚ ਲਿਆਇਆ ਹੈਂ? ਏਹ ਤੈਂ ਸਾਡੇ ਨਾਲ ਕੀ ਕੀਤਾ ਜੋ ਸਾਨੂੰ ਮਿਸਰੋਂ ਕੱਢ ਲਿਆਇਆ ਹੈਂ? [12]ਏਹ ਓਹੋ ਹੀ ਗੱਲ ਤਾਂ ਨਹੀਂ ਜਿਹੜੀ ਅਸਾਂ ਤੈਨੂੰ ਮਿਸਰ ਵਿੱਚ ਆਖੀ ਸੀ ਭਈ 'ਸਾਨੂੰ ਰਹਿਣ ਦੇਹ ਕਿ ਅਸੀਂ ਮਿਸਰੀਆਂ ਦੀ ਟਹਿਲ ਕਰੀਏ' ਕਿਉਂ ਕਿ ਸਾਨੂੰ ਮਿਸਰੀਆਂ ਦੀ ਟਹਿਲ ਕਰਨੀ ਉਜਾੜ ਵਿੱਚ ਮਰਨ ਨਾਲੋਂ ਚੰਗੀ ਸੀ? [13]ਤਾਂ ਮੂਸਾ ਨੇ ਪਰਜਾ ਨੂੰ ਆਖਿਆ, ਨਾ ਡਰੋ, ਖੜੇ ਰਹੋ ਅਰ ਯਹੋਵਾਹ ਦੇ ਬਚਾਉ ਨੂੰ ਵੇਖੋ ਜਿਹੜਾ ਅੱਜ ਦੇ ਦਿਨ ਤੁਹਾਡੇ ਲਈ ਕਰੇਗਾ ਕਿਉਂ ਕਿ ਜਿਹੜੇ ਮਿਸਰੀ ਤੁਸੀਂ ਅੱਜ ਵੇਖਦੇ ਹੋ ਫੇਰ ਸਦਾ ਤੀਕ ਕਦੀ ਨਾ ਵੇਖੋਗੇ।**

[14]**ਯਹੋਵਾਹ ਤੁਹਾਡੇ ਲਈ ਜੰਗ ਕਰੇਗਾ ਪਰ ਤੁਸਾਂ ਚੁੱਪ ਹੀ ਰਹਿਣਾ।**

**ਆਇਤ 10.** ਜਦੋਂ ਮਿਸਰੀ ਨੇੜੇ ਆ ਪਹੁੰਚੇ, ਇਸਰਾਏਲੀ **ਬਹੁਤ ਹੀ ਡਰੇ**। ਉਹ ਰਾਜੇ ਦੀ ਇੰਨੀ ਵੱਡੀ ਸੈਨਾ ਤੋਂ ਕਿਵੇਂ ਬਚ ਸਕਦੇ ਹਨ ਜੋ ਰਾਜੇ ਦੇ ਹੁਕਮ ਤੇ ਕੁਝ ਵੀ ਕਰ ਸਕਦੀ ਸੀ? ਲੋਕਾਂ ਦੀ ਪਹਿਲੀ ਪ੍ਰਤੀਕਿਰਿਆ ਇਹ ਸੀ ਕਿ ਉਨ੍ਹਾਂ ਨੇ ਮਦਦ ਦੇ ਲਈ ਯਹੋਵਾਹ ਦੇ ਅੱਗੇ **ਤਰਲੇ ਕੀਤੇ**।

**ਆਇਤਾਂ 11, 12.** ਇਸਰਾਏਲੀਆਂ ਦੀ ਦੂਜੀ ਪ੍ਰਤੀਕਿਰਿਆ ਇਹ ਸੀ ਕਿ ਉਨ੍ਹਾਂ ਨੇ ਮੂਸਾ ਦੇ ਅੱਗੇ ਸ਼ਿਕਾਇਤ ਕੀਤੀ (ਵੇਖੋ 16:3; 17:3)। ਉਨ੍ਹਾਂ ਨੇ ਵਿਅੰਗਾਤਮਕ ਰੂਪ ਵਿਚ **ਮੂਸਾ ਨੂੰ** ਪੁੱਛਿਆ ਕਿ ਉਹ ਉਨ੍ਹਾਂ ਨੂੰ ਕਿਉਂ **ਮਰਨ ਲਈ ਉਜਾੜ ਵਿੱਚ ਲਿਆਇਆ** ਸੀ। ਉਨ੍ਹਾਂ ਨੇ ਪੁੱਛਿਆ, **ਕੀ ਮਿਸਰ ਵਿੱਚ ਕਬਰਾਂ ਨਹੀਂ ਸਨ ... ?** ਸਪੱਸ਼ਟ ਤੌਰ ਤੇ, ਮਿਸਰ ਵਿਚ ਬਹੁਤ ਸਾਰੀਆਂ ਕਬਰਾਂ ਸਨ। ਉਨ੍ਹਾਂ ਦੇ ਸਵਾਲ ਵਿਚ ਵਿਅੰਗ ਦਾ ਹਿੱਸਾ ਇਹ ਹੈ ਕਿ ਸ਼ਾਇਦ ਮਿਸਰ ਉਸ ਸਮੇਂ ਦੇ ਹੋਰ ਕਿਸੇ ਵੀ ਸੱਭਿਆਚਾਰ ਨਾਲੋਂ ਵੱਧ ਮੌਤ, ਦਫ਼ਨਾਉਣ ਅਤੇ ਕਬਰਾਂ ਤੇ ਜ਼ੋਰ ਦਿੰਦਾ ਸੀ। ਲੋਕ ਕਹਿ ਰਹੇ ਸਨ, "ਜੇਕਰ ਅਸੀਂ ਮਰਨਾ ਹੀ ਸੀ, ਤਾਂ ਸਾਨੂੰ ਮਿਸਰ ਵਿਚ ਮਰਨਾ ਚਾਹੀਦਾ ਸੀ।" ਉਨ੍ਹਾਂ ਨੇ ਮੂਸਾ ਨੂੰ ਆਖਿਆ ਸੀ ਕਿ **ਸਾਨੂੰ ਰਹਿਣ ਦੇਹ** ਜਦੋਂ ਉਹ ਉਨ੍ਹਾਂ ਨੂੰ ਛੁਡਾਉਣ ਦੇ ਲਈ **ਮਿਸਰ** ਵਿਚ ਆਇਆ ਸੀ। ਲੋਕ ਯੁੱਧ ਵਿਚ ਮਾਰੇ ਜਾਣ ਦੀ ਬਜਾਇ ਆਪਣਾ ਬਾਕੀ ਦਾ ਜੀਵਨ ਗੁਲਾਮਾਂ ਦੇ ਤੌਰ ਤੇ ਬਤੀਤ ਕਰ ਸਕਦੇ ਸਨ।

ਇਸਰਾਏਲੀਆਂ ਨੇ ਉਨ੍ਹਾਂ ਨਿਸ਼ਾਨਾਂ ਦੇ ਬਾਰੇ ਕਿਉਂ ਨਹੀਂ ਸੋਚਿਆ ਜਿਹੜੇ ਮੂਸਾ ਅਤੇ ਹਾਰੂਨ ਨੇ ਵਿਖਾਏ ਸਨ? ਕੀ ਉਹ ਪਹਿਲਾਂ ਹੀ ਉਨ੍ਹਾਂ ਦਸ ਬਵਾਂ ਨੂੰ ਭੁੱਲ ਚੁੱਕੇ ਸਨ ਜਿਹੜੀਆਂ ਪਰਮੇਸ਼ੁਰ ਨੇ ਮਿਸਰੀਆਂ ਤੇ ਘੱਲੀਆਂ ਸਨ? ਕੀ ਉਹ ਇਹ ਨਹੀਂ ਸਮਝੇ ਕਿ ਪਰਮੇਸ਼ੁਰ ਨੇ ਫ਼ਿਰਊਨ ਅਤੇ ਉਸ ਦੇ ਟਹਿਲੂਆਂ ਨੂੰ ਇਸ ਹੱਦ ਤੱਕ ਹਲੀਮ ਕੀਤਾ ਸੀ ਕਿ ਉਨ੍ਹਾਂ ਨੇ ਇਸਰਾਏਲੀਆਂ ਨੂੰ ਮਿਸਰ ਵਿੱਚੋਂ ਜਾਣ ਦਿੱਤਾ ਸੀ? ਉਹ ਸੋਨੇ ਚਾਂਦੀ ਦੇ ਗਹਿਣੇ ਕਿੱਥੇ ਸਨ ਜੋ ਪਰਮੇਸ਼ੁਰ ਨੇ ਮਿਸਰੀਆਂ ਨੂੰ ਉਨ੍ਹਾਂ ਦੇ ਗੁਲਾਮਾਂ ਨੂੰ ਦੇਣ ਦੇ ਲਈ ਮਜਬੂਰ ਕੀਤਾ ਸੀ ਜਦੋਂ ਉਹ ਮਿਸਰ ਦੇਣ ਨੂੰ ਛੱਡ ਕੇ ਗਏ? ਜੇਕਰ ਪਰਮੇਸ਼ੁਰ ਦੀ ਪਰਜਾ ਨੇ ਉਨ੍ਹਾਂ ਸਭ ਗੱਲਾਂ ਦੇ ਬਾਰੇ ਸੋਚਿਆ ਹੁੰਦਾ ਜੋ ਪਰਮੇਸ਼ੁਰ ਨੇ ਉਨ੍ਹਾਂ ਦੇ ਵਿਚ ਕੀਤੀਆਂ ਸਨ, ਤਾਂ ਉਨ੍ਹਾਂ ਨੇ ਆਪਣੀ ਮੌਜੂਦਾ ਹਾਲਤ ਵਿਚ ਉਨ੍ਹਾਂ ਦੀ ਸੁਰੱਖਿਆ ਕਰਨ ਦੇ ਲਈ ਨਿਸ਼ਚਤ ਤੌਰ ਤੇ ਪਰਮੇਸ਼ੁਰ ਤੇ ਭਰੋਸਾ ਕਰਨਾ ਸੀ, ਜਿਵੇਂ ਪਹਿਲਾਂ ਵੀ ਪਰਮੇਸ਼ੁਰ ਨੇ ਉਨ੍ਹਾਂ ਦੀਆਂ ਜਰੂਰਤਾਂ ਪੂਰੀਆਂ ਕੀਤੀਆਂ ਸਨ। ਪਰ, ਉਨ੍ਹਾਂ ਦੀ ਨਿਹਚਾ ਘੱਟ ਸਾਬਤ ਹੋਈ।

**ਆਇਤ 13.** ਇਸ ਦੇ ਉਲਟ, ਮੂਸਾ ਨੇ ਪਰਜਾ ਨੂੰ ਉਹ ਗੱਲਾਂ ਕਹੀਆਂ ਜੋ ਉਸ ਨਿਹਚਾ ਅਤੇ ਦਿਲੇਰੀ ਨੂੰ ਵਿਖਾਉਂਦੀਆਂ ਸਨ ਜੋ ਨਿਹਚਾ ਤੋਂ ਆਉਂਦੀ ਹੈ। ਉਸ ਨੇ ਇਹ ਪੁਸ਼ਟੀ ਕਰਨ ਦੁਆਰਾ ਉਨ੍ਹਾਂ ਦੇ ਡਰ ਨੂੰ ਸ਼ਾਂਤ ਕੀਤਾ ਕਿ ਯਹੋਵਾਹ ਉਨ੍ਹਾਂ ਨੂੰ ਬਚਾਵੇਗਾ। ਬੇਸ਼ੱਕ, ਜਦੋਂ ਉਸ ਨੇ ਆਖਿਆ ਕਿ ਉਹ **ਯਹੋਵਾਹ ਦੇ ਬਚਾਉ ਨੂੰ ਵੇਖਣਗੇ**, ਉਹ ਉਨ੍ਹਾਂ ਦੇ ਪਾਪਾਂ ਤੋਂ ਮੁਕਤੀ ਦੀ ਗੱਲ ਨਹੀਂ ਸੀ ਕਰ ਰਿਹਾ। ਬਲਕਿ, ਉਸ ਦਾ ਅਰਥ ਮਿਸਰ ਤੋਂ ਮੁਕਤੀ ਅਤੇ ਉਸ ਗੁਲਾਮੀ ਤੋਂ ਮੁਕਤੀ ਸੀ ਜਿਸ ਦਾ ਉਨ੍ਹਾਂ ਨੇ ਉੱਥੇ ਅਨੁਭਵ ਕੀਤਾ ਸੀ। ਇਸਰਾਏਲੀਆਂ ਨੂੰ **ਮਿਸਰੀਆਂ** ਤੋਂ ਹੋਰ ਜ਼ਿਆਦਾ **ਡਰਨ** ਦੀ ਲੋੜ ਨਹੀਂ ਸੀ। ਉਹ ਉਨ੍ਹਾਂ ਨੂੰ **ਫੇਰ ਸਦਾ ਤੀਕ ਕਦੀ ਨਾ ਵੇਖਣਗੇ**, ਜਿਸ ਦਾ ਅਰਥ ਇਹ ਸੀ ਕਿ ਘੱਟੋ-ਘੱਟ ਮਿਸਰੀ ਉਨ੍ਹਾਂ ਨੂੰ ਫੇਰ ਗੁਲਾਮ ਬਣਾਉਣ ਵਿਚ ਸਫ਼ਲ ਨਹੀਂ ਹੋਣਗੇ।

ਮੁਕਤੀ ਦਾ ਇਹ ਕੰਮ ਯਹੋਵਾਹ ਦੁਆਰਾ ਪੂਰਾ ਕੀਤਾ ਜਾਵੇਗਾ। ਮੂਸਾ ਨੇ ਆਖਿਆ ਕਿ ਲੋਕਾਂ ਦੀ ਭੂਮਿਕਾ ਸਿਰਫ **ਖੜੇ** ਹੋ ਕੇ ਉਹ ਵੇਖਣ ਦੀ ਸੀ ਜੋ ਯਹੋਵਾਹ ਕਰਨ ਵਾਲਾ ਸੀ। ਕੁਝ ਅਨੁਵਾਦਾਂ ਵਿਚ "ਖੜੇ ਰਹੋ" ਦੀ ਬਜਾਇ "ਚੁੱਪਚਾਪ ਖੜੇ ਰਹੋ" ਹੈ (KJV; NKJV), ਜਦ ਕਿ ਕਈਆਂ ਵਿਚ "ਸਥਿਰ ਖੜੇ ਰਹੋ" ਹੈ (NRSV; NIV)।

**ਆਇਤ 14.** ਜਦੋਂ ਪਰਮੇਸ਼ੁਰ ਕਿਸੇ ਦੇ ਲਈ ਲੜਦਾ ਹੈ, ਉਸ ਵਿਅਕਤੀ ਨੂੰ ਸਿਰਫ ਚੁੱਪ ਰਹਿਣ ਦੀ ਲੋੜ ਹੈ - ਚੁੱਪ ਕਰਕੇ ਖੜਾ ਰਹਿਣਾ ਅਤੇ ਪਰਮੇਸ਼ੁਰ ਨੂੰ ਯੁੱਧ ਵਿਚ ਜਿੱਤ ਪ੍ਰਾਪਤ ਕਰਦੇ ਵੇਖਣਾ। **ਯਹੋਵਾਹ ਤੁਹਾਡੇ ਲਈ ਜੰਗ ਕਰੇਗਾ** ਇਸ ਬੰਦ ਵਿਚ ਇਕ ਮੁੱਖ ਵਿਚਾਰ ਹੈ ਅਤੇ ਪੁਰਾਣੇ ਨੇਮ ਦਾ ਇਕ ਮੁੱਖ ਵਿਸ਼ਾ ਹੈ।[4] ਹਾਲਾਂਕਿ ਇਸਰਾਏਲੀ "ਜੰਗੀ ਤਰਤੀਬ" ਵਿਚ ਮਿਸਰ ਵਿੱਚੋਂ ਨਿੱਕਲੇ ਸਨ (13:18), ਯਹੋਵਾਹ "ਯੋਧਾ" ਸੀ ਜੋ ਉਨ੍ਹਾਂ ਦੇ ਲਈ ਲੜਿਆ (15:3)। ਅਧਿਆਇ ਵਿਚ ਅੱਗੇ ਚੱਲ ਕੇ, ਜਦੋਂ ਮਿਸਰੀਆਂ ਨੇ ਵੇਖਿਆ ਕਿ ਉਹ ਹਾਰ ਗਏ ਸਨ, ਉਨ੍ਹਾਂ ਨੇ ਉੱਚੀ ਪੁਕਾਰ ਕੇ ਆਖਿਆ, "ਯਹੋਵਾਹ ਉਨ੍ਹਾਂ [ਇਸਰਾਏਲ] ਲਈ ਮਿਸਰੀਆਂ ਦੇ ਵਿਰੁੱਧ ਲੜਦਾ ਹੈ" (14:25)। ਉਨ੍ਹਾਂ ਦੀਆਂ ਉੱਤਮ ਫੌਜਾਂ, ਹਥਿਆਰਾਂ, ਜਾਂ ਸੈਨਕ ਯੋਗਤਾ ਦੇ ਕਾਰਣ ਨਹੀਂ ਬਲਕਿ ਯਹੋਵਾਹ ਉਨ੍ਹਾਂ ਦੇ ਲਈ ਲੜਿਆ ਇਸ ਲਈ ਇਸਰਾਏਲੀਆਂ ਨੂੰ ਅਜ਼ਾਦੀ ਪ੍ਰਾਪਤ ਹੋਈ।

## ਮੂਸਾ ਨੂੰ ਪਰਮੇਸ਼ੁਰ ਦੀ ਹਦਾਇਤ (14:15-20)

**15ਤਾਂ ਯਹੋਵਾਹ ਨੇ ਮੂਸਾ ਨੂੰ ਆਖਿਆ, ਤੂੰ ਕਿਉਂ ਮੇਰੇ ਤਰਲੇ ਕਰਦਾ ਹੈਂ? ਇਸਰਾਏਲੀਆਂ
ਨਾਲ ਗੱਲ ਕਰ ਕਿ ਓਹ ਅੱਗੇ ਤੁਰਨ। 16ਤੂੰ ਆਪਣਾ ਢਾਂਗਾ ਚੁੱਕ ਅਰ ਆਪਣਾ ਹੱਥ ਸਮੁੰਦਰ ਉੱਤੇ
ਲੰਮਾ ਕਰ ਅਰ ਉਸ ਨੂੰ ਦੋ ਭਾਗ ਕਰ ਦੇਹ ਭਈ ਇਸਰਾਏਲੀ ਸਮੁੰਦਰ ਦੇ ਵਿੱਚ ਦੀ ਸੁੱਕੀ ਥਾਂ
ਥਾਣੀ ਲੰਘ ਜਾਣ। 17ਵੇਖ ਮੈਂ ਮਿਸਰੀਆਂ ਦੇ ਮਨ ਕਠੋਰ ਹੋਣ ਦੇਵਾਂਗਾ ਅਰ ਓਹ ਉਨ੍ਹਾਂ ਦੇ ਪਿੱਛੇ
ਜਾਣਗੇ ਅਰ ਮੈਂ ਫ਼ਿਰਊਨ ਅਰ ਉਸ ਦੀ ਸਾਰੀ ਫੌਜ ਅਰ ਰਥਾਂ ਅਰ ਘੋੜ ਚੜ੍ਹਿਆਂ ਤੋਂ ਆਦਰ
ਪਾਵਾਂਗਾ। 18ਜਦ ਮੈਂ ਫ਼ਿਰਊਨ ਉਸ ਦੇ ਰਥਾਂ ਅਰ ਉਸ ਦੇ ਘੋੜ ਚੜ੍ਹਿਆਂ ਤੋਂ ਆਦਰ ਪਾਵਾਂਗਾ ਤਦ
ਮਿਸਰੀ ਜਾਣਨਗੇ ਕਿ ਮੈਂ ਯਹੋਵਾਹ ਹਾਂ। 19ਅਰ ਪਰਮੇਸ਼ੁਰ ਦਾ ਦੂਤ ਜਿਹੜਾ ਇਸਰਾਏਲ ਦੇ ਡੇਰੇ
ਦੇ ਅੱਗੇ ਤੁਰਿਆ ਜਾਂਦਾ ਸੀ ਮੁੜਿਆ ਅਤੇ ਉਨ੍ਹਾਂ ਦੇ ਪਿੱਛੇ ਚਲਿਆ ਗਿਆ ਅਰ ਬੱਦਲ ਦਾ ਥੰਮ੍ਹ
ਉਨ੍ਹਾਂ ਦੇ ਅੱਗੋਂ ਮੁੜ ਕੇ ਪਿੱਛੇ ਆ ਖਲੋਤਾ। 20ਉਹ ਮਿਸਰੀਆਂ ਦੇ ਡੇਰੇ ਅਰ ਇਸਰਾਏਲ ਦੇ ਡੇਰੇ ਦੇ
ਵਿੱਚ ਆ ਗਿਆ ਅਤੇ ਬੱਦਲ ਅਰ ਅਨ੍ਹੇਰ ਤਾਂ ਸੀ ਪਰ ਉਸ ਨੇ ਰਾਤ ਨੂੰ ਚਾਨਣਾ ਕਰ ਦਿੱਤਾ ਅਤੇ
ਓਹ ਸਾਰੀ ਰਾਤ ਇੱਕ ਦੂਜੇ ਦੇ ਨੇੜੇ ਨਾ ਆਏ।**

**ਆਇਤ 15.** ਇਸ ਆਇਤ ਵਿਚ, **ਯਹੋਵਾਹ** ਉਸ ਅਲਿਖਤ ਬੇਨਤੀ ਦਾ ਜਵਾਬ ਦੇ ਰਿਹਾ ਸੀ ਜੋ **ਮੂਸਾ** ਨੇ ਕੀਤੀ ਸੀ। ਮੂਸਾ ਦੇ ਲੋਕਾਂ ਨੂੰ ਉਤਸ਼ਾਹ ਭਰੀਆਂ ਗੱਲਾਂ ਬੋਲਣ ਤੋਂ ਜਾਂ ਤਾਂ ਪਹਿਲਾਂ ਜਾਂ ਬਾਅਦ ਵਿਚ, ਉਸ ਨੇ ਪਰਮੇਸ਼ੁਰ ਨਾਲ ਗੱਲ ਕੀਤੀ, ਪਰਤੱਖ ਰੂਪ ਵਿਚ ਪਰਮੇਸ਼ੁਰ ਕੋਲੋਂ ਮਦਦ ਮੰਗੀ। ਪਰਮੇਸ਼ੁਰ ਦਾ ਸ਼ੁਰੂਆਤੀ ਜਵਾਬ ਇਹ ਸੀ **ਤੂੰ ਕਿਉਂ ਮੇਰੇ ਤਰਲੇ ਕਰਦਾ ਹੈਂ?** ਇੰਜ ਲੱਗਦਾ ਸੀ ਕਿ ਉਹ ਕਹਿ ਰਿਹਾ ਸੀ "ਕੀ ਤੈਨੂੰ ਭਰੋਸਾ ਨਹੀਂ ਹੈ ਕਿ ਮੈਂ ਤੈਨੂੰ ਛੁਡਾ ਸਕਦਾ ਹਾਂ? ਤੈਨੂੰ ਤਰਲੇ ਕਰਨ ਜਾਂ ਸ਼ਿਕਾਇਤ ਕਰਨ ਦੀ ਲੋੜ ਨਹੀਂ।" ਫਿਰ ਪਰਮੇਸ਼ੁਰ ਨੇ ਇਕ ਅਜੀਬ ਹੁਕਮ ਦਿੱਤਾ: **ਅੱਗੇ ਤੁਰਨ।** ਇਸਰਾਏਲ "ਇਕ ਚਟਾਨ ਅਤੇ ਇਕ ਸਖ਼ਤ ਥਾਂ ਵਿਚਕਾਰ" ਸੀ - "ਪਿੱਛਾ ਕਰਨ ਵਾਲੇ ਮਿਸਰੀਆਂ ਅਤੇ ਗਹਿਰੇ ਸਮੁੰਦਰ" ਵਿਚਕਾਰ।[5] ਉਨ੍ਹਾਂ ਦੇ ਪਿੱਛੇ ਫ਼ਿਰਊਨ ਦੀ ਫੌਜ, ਉਨ੍ਹਾਂ ਦੇ ਦੋਵੇਂ ਪਾਸਿਆਂ ਤੇ ਉਜਾੜ ਅਤੇ ਉਨ੍ਹਾਂ ਦੇ ਸਾਹਮਣੇ ਲਾਲ ਸਮੁੰਦਰ ਸੀ। ਉਨ੍ਹਾਂ ਨੇ ਕੀ ਕਰਨਾ ਸੀ? ਪਰਮੇਸ਼ੁਰ ਨੇ ਆਖਿਆ, "ਅੱਗੇ ਤੁਰੋ।"

**ਆਇਤ 16.** ਦੂਜੀ ਗੱਲ, ਪਰਮੇਸ਼ੁਰ ਨੇ ਇਹ ਸਮਝਾਇਆ ਕਿ ਲੋਕ ਕਿਵੇਂ ਅੱਗੇ ਵੱਧ ਸਕਦੇ ਸਨ। ਮੂਸਾ ਨੇ **ਆਪਣਾ ਢਾਂਗਾ ਚੁੱਕ ਕੇ ਆਪਣਾ ਹੱਥ ਸਮੁੰਦਰ ਉੱਤੇ ਲੰਮਾ ਕਰਨਾ** ਸੀ ਅਤੇ ਸਮੁੰਦਰ ਦੋ ਭਾਗ ਹੋ ਜਾਣਾ ਸੀ। ਇਸਰਾਏਲੀਆਂ ਨੇ ਸੁੱਕੀ ਥਾਂ ਥਾਣੀ ਲੰਘਣਾ ਸੀ।

**ਆਇਤਾਂ 17, 18.** ਪਰਮੇਸ਼ੁਰ ਫੇਰ **ਮਿਸਰੀਆਂ ਦੇ ਮਨ ਕਠੋਰ ਹੋਣ ਦੇਵੇਗਾ** ਅਤੇ ਉਹ ਉਨ੍ਹਾਂ

ਦਾ ਪਿੱਛਾ ਕਰਨ ਦੀ ਕੋਸ਼ਿਸ਼ ਕਰਨਗੇ। ਜਦੋਂ ਉਹ ਪਿੱਛਾ ਕਰਨਗੇ ਤਾਂ ਪਰਮੇਸ਼ੁਰ ਉਨ੍ਹਾਂ ਦੇ ਰਾਹੀਂ **ਆਦਰ** ਪਾਵੇਗਾ। ਇਹ ਇਸ ਤੱਥ ਦਾ ਹਵਾਲਾ ਹੈ ਕਿ ਪਰਮੇਸ਼ੁਰ ਸਮੁੰਦਰ ਵਿਚ ਮਿਸਰੀ **ਫੌਜ** ਨੂੰ ਤਬਾਹ ਕਰ ਦੇਵੇਗਾ। "ਮੈਂ ਆਦਰ ਪਾਵਾਂਗਾ" ਦਾ ਅਨੁਵਾਦ ਇਬਰਾਨੀ ਸ਼ਬਦ כָּבֵד *(ਕਾਬੇਡ)* ਤੋਂ ਕੀਤਾ ਗਿਆ ਹੈ ਜਿਸ ਦਾ ਅਰਥ ਹੈ "ਭਾਰੀ, ਵਜ਼ਨਦਾਰ ਹੋਣਾ, ਜਾਂ ਆਦਰ ਪਾਉਣਾ।" ਇਹ ਸ਼ਬਦ ਕਈ ਵਾਰ ਧਨੀ ਅਤੇ ਪ੍ਰਭਾਵਸ਼ਾਲੀ ਲੋਕਾਂ ਦੇ ਸੰਦਰਭ ਵਿਚ ਵਰਤਿਆ ਜਾਂਦਾ ਹੈ ਜੋ ਦੂਜਿਆਂ ਵੱਲੋਂ ਆਦਰ ਅਤੇ ਪ੍ਰਸ਼ੰਸਾ ਪਾਉਂਦੇ ਸਨ। ਇਸ ਤੋਂ ਇਲਾਵਾ, ਇਹ ਸ਼ਬਦ ਅਕਸਰ ਪਰਮੇਸ਼ੁਰ ਨੂੰ ਉਹ ਆਦਰ ਦੇਣ ਦੇ ਲਈ ਵਰਤਿਆ ਜਾਂਦਾ ਹੈ ਜਿਸ ਦੇ ਉਹ ਯੋਗ ਹੈ। ਇਸ ਲਿਖਤ ਵਿਚ, NIV ਬਾਈਬਲ ਕਹਿੰਦੀ ਹੈ, "ਮੈਂ ਮਹਿਮਾ ਪਾਵਾਂਗਾ" (ਵੇਖੋ NRSV; NEB; NAB; NJB)। CEV ਬਾਈਬਲ ਕਹਿੰਦੀ ਹੈ, "ਮੇਰੀ ਉਸਤਤ ਹੋਵੇਗੀ।" ਇਸਰਾਏਲੀ ਅਤੇ **ਮਿਸਰੀ** ਦੋਵੇਂ ਪਰਮੇਸ਼ੁਰ ਨੂੰ **ਯਹੋਵਾਹ** ਕਰਕੇ **ਜਾਣਨਗੇ**।

**ਆਇਤ 19.** ਇਸ ਸਮੇਂ ਦੌਰਾਨ ਇਸਰਾਏਲ ਦੀ ਸੁਰੱਖਿਆ ਕਰਨ ਦੇ ਲਈ ਸਮੁੰਦਰ ਦੇ ਵਿੱਚੋਂ ਰਾਹ ਤਿਆਰ ਕਰਨ ਦੇ ਲਈ, ਪਰਮੇਸ਼ੁਰ ਨੇ ਮਿਸਰੀਆਂ ਅਤੇ ਇਸਰਾਏਲੀਆਂ ਵਿਚਕਾਰ ਇਕ ਰੁਕਾਵਟ ਖੜ੍ਹੀ ਕਰ ਦਿੱਤੀ: **ਪਰਮੇਸ਼ੁਰ ਦਾ ਦੂਤ ਜਿਹੜਾ ਇਸਰਾਏਲ ਦੇ ਡੇਰੇ ਦੇ ਅੱਗੇ ਤੁਰਿਆ ਜਾਂਦਾ ਸੀ ਮੁੜਿਆ ਅਤੇ ਉਨ੍ਹਾਂ ਦੇ ਪਿੱਛੇ ਚਲਿਆ ਗਿਆ।** ਲਿਖਤ ਅੱਗੇ ਦੱਸਦੀ ਹੈ ਕਿ **ਬੱਦਲ** ਵੀ ਡੇਰੇ ਦੇ ਅੱਗੋਂ ਪਿੱਛੇ ਚਲਾ ਗਿਆ।

ਦੂਤ ਅਤੇ ਬੱਦਲ ਦੋਵੇਂ ਪਰਮੇਸ਼ੁਰ ਦੀ ਹਜ਼ੂਰੀ ਨੂੰ ਦਰਸਾਉਂਦੇ ਸਨ। ਬੱਦਲ ਅਤੇ ਅੱਗ ਦਾ **ਥੰਮ੍ਹ** ਇਸਰਾਏਲੀਆਂ ਦੇ ਡੇਰੇ ਉੱਤੇ ਮੰਡਲਾਉਂਦਾ ਸੀ ਅਤੇ ਉਨ੍ਹਾਂ ਦੇ ਸਫ਼ਰਾਂ ਵਿਚ ਇਸਰਾਏਲ ਦੀ ਅਗਵਾਈ ਕਰਦਾ ਸੀ। ਇਸ ਤਰੀਕੇ ਨਾਲ, ਯਹੋਵਾਹ ਨੇ ਇਸਰਾਏਲੀਆਂ ਨੂੰ ਆਪਣੀ ਲਗਾਤਾਰ ਹਜ਼ੂਰੀ ਦੇ ਬਾਰੇ ਚੇਤੇ ਕਰਾਇਆ। 13:21, 22 ਵਿਚ, ਯਹੋਵਾਹ ਨੂੰ ਬੱਦਲ ਦੇ ਥੰਮ੍ਹ ਅਤੇ ਅੱਗ ਦੇ ਥੰਮ੍ਹ ਨਾਲ ਜੋੜਿਆ ਗਿਆ ਹੈ, ਜਿਵੇਂ ਕਿ ਇਸ ਬੰਦ ਵਿਚ, "ਪਰਮੇਸ਼ੁਰ ਦੇ ਦੂਤ" ਨੂੰ "ਬੱਦਲ ਦੇ ਥੰਮ੍ਹ" ਨਾਲ ਜੋੜਿਆ ਗਿਆ ਹੈ। ਫਿਰ, ਕਿਸੇ ਨਾ ਕਿਸੇ ਭਾਵ ਵਿਚ, "ਯਹੋਵਾਹ," "ਪਰਮੇਸ਼ੁਰ ਦਾ ਦੂਤ" ਅਤੇ "ਥੰਮ੍ਹ" ਸਭ ਇਸਰਾਏਲੀਆਂ ਵਿਚ ਪਰਮੇਸ਼ੁਰ ਅਤੇ ਉਸ ਦੀ ਹਜ਼ੂਰੀ ਦੇ ਪ੍ਰਤੀਕ ਸਨ।

**ਆਇਤ 20.** ਬੱਦਲ ਜਿਹੜਾ ਦੋ ਡੇਰਿਆਂ ਦੇ ਵਿਚਕਾਰ ਖੜ੍ਹਾ ਸੀ **ਚਾਨਣਾ** ਦਿੰਦਾ ਸੀ, ਪਰ ਇਸ ਦਾ ਮੁਢਲਾ ਕੰਮ ਮਿਸਰੀਆਂ ਨੂੰ ਪਰਮੇਸ਼ੁਰ ਦੀ ਪਰਜਾ ਤੋਂ ਦੂਰ ਰੱਖਣਾ ਸੀ ਜਦੋਂ ਰਾਤ ਬੀਤ ਜਾਂਦੀ ਸੀ ਅਤੇ ਸਮੁੰਦਰ ਵਿਚ ਹਵਾ ਚੱਲਦੀ ਸੀ।

## ਇਸਰਾਏਲੀਆਂ ਦਾ ਬਚ ਨਿੱਕਲਣਾ (14:21-25)

**[21]ਤਾਂ ਮੂਸਾ ਨੇ ਆਪਣਾ ਹੱਥ ਸਮੁੰਦਰ ਉੱਤੇ ਲੰਮਾ ਕੀਤਾ ਅਰ ਯਹੋਵਾਹ ਨੇ ਤੇਜ ਪੁਰੇ ਦੀ ਹਵਾ
ਸਾਰੀ ਰਾਤ ਵਗਾ ਕੇ ਸਮੁੰਦਰ ਨੂੰ ਪਿੱਛੇ ਹੱਟਾ ਦਿੱਤਾ ਅਤੇ ਸਮੁੰਦਰ ਨੂੰ ਸੁਕਾ ਦਿੱਤਾ ਅਰ ਪਾਣੀ ਦੇ
ਦੋ ਭਾਗ ਹੋ ਗਏ। [22]ਇਸਰਾਏਲੀ ਸਮੁੰਦਰ ਦੇ ਵਿੱਚ ਦੀ ਖੁਸ਼ਕੀ ਉੱਤੋਂ ਦੀ ਆਏ ਅਰ ਉਨ੍ਹਾਂ ਦੇ ਸੱਜੇ
ਖੱਬੇ ਪਾਣੀ ਕੰਧ ਵਾਂਙੁ ਸਨ। [23]ਮਿਸਰੀਆਂ ਨੇ ਪਿੱਛਾ ਕੀਤਾ ਅਰ ਉਨ੍ਹਾਂ ਦਾ ਪਿੱਛਾ ਕਰਦੇ ਹੋਏ
ਫਿਰਊਨ ਦੇ ਸਾਰੇ ਘੋੜੇ ਅਰ ਉਸ ਦੇ ਰਥ ਅਰ ਘੋੜ ਚੜ੍ਹੇ ਸਮੁੰਦਰ ਦੇ ਵਿੱਚ ਆ ਗਏ। [24]ਤਾਂ ਐਉਂ
ਹੋਇਆ ਕਿ ਸਵੇਰ ਦੇ ਪਹਿਰ ਯਹੋਵਾਹ ਨੇ ਮਿਸਰੀਆਂ ਦੇ ਡੇਰੇ ਨੂੰ ਅੱਗ ਅਰ ਬੱਦਲ ਦੇ ਥੰਮ੍ਹ ਦੇ
ਵਿੱਚੋਂ ਦੀ ਡਿੱਠਾ ਅਤੇ ਮਿਸਰੀਆਂ ਦੇ ਡੇਰੇ ਨੂੰ ਗੜਬੜਾਹਟ ਵਿੱਚ ਪਾ ਦਿੱਤਾ। [25]ਅਰ ਉਨ੍ਹਾਂ ਦੇ ਰਥਾਂ
ਦੇ ਪਹੀਏ ਲਾਹ ਸੁੱਟੇ ਕਿਉਂ ਜੋ ਓਹ ਭਾਰੀ ਚੱਲਦੇ ਸਨ। ਸੋ ਮਿਸਰੀਆਂ ਨੇ ਆਖਿਆ, ਅਸੀਂ
ਇਸਰਾਏਲ ਦੇ ਅੱਗੋਂ ਨੱਠ ਚੱਲੀਏ ਕਿਉਂ ਕਿ ਯਹੋਵਾਹ ਉਨ੍ਹਾਂ ਲਈ ਮਿਸਰੀਆਂ ਦੇ ਵਿਰੁੱਧ ਲੜਦਾ
ਹੈ।**

**ਆਇਤ 21.** ਮੂਸਾ ਨੇ ਯਹੋਵਾਹ ਦੀਆਂ ਹਦਾਇਤਾਂ ਦਾ ਪਾਲਣ ਕਰਨਾ ਜਾਰੀ ਰੱਖਿਆ। ਉਸ ਨੇ **ਆਪਣਾ ਹੱਥ ਲੰਮਾ ਕੀਤਾ** ਅਤੇ ਪਰਮੇਸ਼ੁਰ ਨੇ **ਤੇਜ ਪੁਰੇ ਦੀ ਹਵਾ** ਨਾਲ ਜੋ **ਸਾਰੀ ਰਾਤ** ਵਗਦੀ ਰਹੀ ਸਮੁੰਦਰ ਨੂੰ **ਦੋ ਭਾਗ** ਕਰ ਦਿੱਤਾ। ਇਹ ਘਟਨਾ ਕਿੰਨੀ ਨਾਟਕੀ ਰਹੀ ਹੋਵੇਗੀ! ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹ ਇਕ ਚਮਤਕਾਰ ਸੀ - ਪਰਮੇਸ਼ੁਰ ਦਾ ਇਕ ਸ਼ਾਨਦਾਰ ਕੰਮ ਜਿਸ ਦੀ ਕਿਸੇ ਹੋਰ ਤਰੀਕੇ ਨਾਲ ਵਿਆਖਿਆ ਨਹੀਂ ਕੀਤੀ ਜਾ ਸਕਦੀ। ਪਰਮੇਸ਼ੁਰ ਨੇ ਅਲੌਕਿਕ ਕੰਮ, ਚਮਤਕਾਰ ਨੂੰ ਕਰਨ ਦੇ ਲਈ ਕੁਦਤਰੀ ਤਾਕਤ, "ਤੇਜ ਪੁਰੇ ਦੀ ਹਵਾ" ਦੀ ਵਰਤੋਂ ਕੀਤੀ ਸੀ। ਅਠਵੀਂ ਬਵਾ ਵਿਚ ਵੀ ਉਸ ਨੇ "ਪੁਰੇ ਦੀ ਹਵਾ" ਦੀ ਵਰਤੋਂ ਕੀਤੀ ਸੀ ਜੋ ਮਿਸਰ ਦੇਸ ਨੂੰ ਸਲਾ (ਟਿੱਡੀਆਂ) ਨਾਲ ਢੱਕਣ ਦੇ ਲਈ ਸਾਰੇ ਦਿਨ ਅਰ ਸਾਰੀ ਰਾਤ ਵਗਦੀ ਰਹੀ ਸੀ (10:13, 14)। "ਤੇਜ ਪੁਰੇ ਦੀ ਹਵਾ" ਜਿਸ ਨੇ ਲਾਲ ਸਮੁੰਦਰ ਨੂੰ ਦੋ ਭਾਗ ਕਰ ਦਿੱਤਾ ਸੀ ਉਸ ਨੂੰ ਕਾਵਿਆਤਮਕ ਰੂਪ ਵਿਚ "[ਪਰਮੇਸ਼ੁਰ ਦੀਆਂ] ਨਾਸਾਂ ਦੀ ਸੂਕਰ" ਕਿਹਾ ਗਿਆ ਹੈ (15:8)। ਜੋ ਕੁਝ ਹੋਇਆ ਸੀ ਉਸ ਨੂੰ ਪਿੱਛੇ ਮੁੜ ਕੇ ਵੇਖਦਿਆਂ, ਪੁਰਾਣੇ ਨੇਮ ਦੀਆਂ ਪੁਸਤਕਾਂ ਜੋ ਸਮੁੰਦਰ ਥਾਣੀਂ ਇਸਰਾਏਲ ਦੇ ਛੁਟਕਾਰੇ ਨੂੰ ਯਾਦ ਕਰਦੀਆਂ ਹਨ ਉਹ ਮਿਸਰੀਆਂ ਦੀ ਤਬਾਹੀ ਨਾਲੋਂ ਵੱਧ ਕੇ ਪਰਮੇਸ਼ੁਰ ਦੁਆਰਾ ਪਾਣੀਆਂ ਨੂੰ ਦੋ ਭਾਗ ਕਰਨ ਦੇ ਜ਼ਿਆਦਾ ਕੇਂਦਰਿਤ ਹਨ।[6]

**ਆਇਤ 22. ਪਾਣੀ** ਦੇ ਦੋ ਭਾਗ ਹੋਣ ਦੇ ਨਾਲ, ਇਸਰਾਏਲੀ **ਸਮੁੰਦਰ ਦੇ ਵਿੱਚ ਦੀ ਖੁਸ਼ਕੀ ਉੱਤੋਂ** ਦੀ ਤੁਰ ਕੇ ਲੰਘ ਗਏ। ਪਾਣੀ ਜੋ ਪਰਮੇਸ਼ੁਰ ਦੀ ਪਰਜਾ ਦੇ ਦੋਵਾਂ ਪਾਸਿਆਂ ਤੇ ਇਕੱਠੇ ਹੋ ਗਏ ਸਨ ਉਨ੍ਹਾਂ ਦੀ ਤੁਲਨਾ **ਕੰਧ** ਨਾਲ ਕੀਤੀ ਗਈ ਹੈ। ਸੰਭਵ ਤੌਰ ਤੇ, ਕਿਉਂਕਿ ਸਾਰੀ ਰਾਤ ਹਵਾ ਚੱਲਦੀ ਰਹੀ (14:21), ਇਸ ਲਈ ਇਸਰਾਏਲੀਆਂ ਨੂੰ ਲਾਲ ਸਮੁੰਦਰ ਨੂੰ ਪਾਰ ਕਰਨ ਦੇ ਲਈ ਇੰਨਾ ਸਮਾਂ ਲੱਗ ਗਿਆ। ਲਿਖਤ ਸਪੱਸ਼ਟ ਰੂਪ ਨਾਲ ਦੱਸਦੀ ਹੈ ਕਿ ਪੌਹ ਫਟਣ ਤੇ ਪਾਣੀ ਫੇਰ ਉਸੇ ਥਾਂ ਵਾਪਸ ਆ ਗਏ (14:27)।

**ਆਇਤਾਂ 23-25. ਸਵੇਰ ਦੀ ਪਹਿਰ** ਦੌਰਾਨ **ਮਿਸਰੀਆਂ** ਨੇ **ਸਮੁੰਦਰ** ਵਿਚ ਇਸਰਾਏਲੀਆਂ ਦਾ ਪਿੱਛਾ ਕੀਤਾ, ਸ਼ਾਇਦ ਸਵੇਰੇ 2 ਵਜੇ ਤੋਂ ਸਵੇਰੇ 6 ਵਜੇ ਦੇ ਵਿਚਕਾਰ। ਪਰਤੱਖ ਰੂਪ ਵਿਚ, **ਯਹੋਵਾਹ ਨੇ**, ਜਿਸ ਨੇ ਫ਼ਿਰਊਨ ਦੀ ਫ਼ੌਜ ਨੂੰ ਬੱਦਲ ਦੇ ਜ਼ਰੀਏ ਇਸਰਾਏਲੀਆਂ ਤੱਕ ਪਹੁੰਚਣ ਤੋਂ ਰੋਕ ਕੇ ਰੱਖਿਆ ਹੋਇਆ ਸੀ, ਅੱਗੇ ਵਧਣ ਦਿੱਤਾ। ਫ਼ਿਰਊਨ ਨੇ ਸ਼ਾਇਦ ਸੋਚਿਆ ਸੀ ਕਿ ਉਸ ਦੇ ਯੁੱਧ ਵਾਲੇ ਰਥ ਹੌਲੀ ਚੱਲਣ ਵਾਲੇ ਇਸਰਾਏਲੀਆਂ ਨੂੰ ਉਨ੍ਹਾਂ ਦੇ ਸਾਰੇ ਸਮਾਨ, ਉਨ੍ਹਾਂ ਦੇ ਟੱਬਰਾਂ ਅਤੇ ਉਨ੍ਹਾਂ ਦੇ ਡੰਗਰਾਂ ਸਮੇਤ ਛੇਤੀ ਨਾਲ ਜਾ ਫੜਨਗੇ।

ਪਰ, ਜਦੋਂ ਉਹ ਇਸਰਾਏਲੀਆਂ ਦਾ ਪਿੱਛਾ ਕਰਦੇ ਹੋਏ ਆਪਣੇ ਰਥ ਸਮੁੰਦਰ ਵਿਚ ਲੈ ਕੇ ਵੜੇ, ਮਿਸਰੀਆਂ ਨੇ ਜਾਣ ਲਿਆ ਕਿ ਉਹ ਇੰਨੀ ਅਸਾਨੀ ਨਾਲ ਓਨਾ ਲੋਕਾਂ ਦੇ ਵਾਂਗ ਨਹੀਂ ਸੀ ਚੱਲ ਸਕਦੇ ਜਿਨ੍ਹਾਂ ਦਾ ਉਹ ਪਿੱਛਾ ਕਰ ਰਹੇ ਸਨ। **ਅੱਗ ਅਰ ਬੱਦਲ ਦੇ ਥੰਮ੍ਹ ਦੇ ਵਿੱਚੋਂ** ਆਪਣੀ ਹਜ਼ੂਰੀ ਤੋਂ, ਯਹੋਵਾਹ ਨੇ **ਮਿਸਰੀਆਂ ਦੇ ਡੇਰੇ ਨੂੰ ਗੜਬੜਾਹਟ ਵਿੱਚ ਪਾ ਦਿੱਤਾ** ਜਿਸ ਕਾਰਣ ਉਨ੍ਹਾਂ ਦੇ **ਰਥਾਂ ਦੇ ਪਹੀਏ ਲੱਥ ਗਏ** ਅਤੇ **ਉਹ ਭਾਰੀ ਚੱਲਣ ਲੱਗੇ**। ਯਹੋਵਾਹ ਨੇ ਮਿਸਰੀਆਂ ਨੂੰ ਕਿਵੇਂ ਗੜਬੜਾਹਟ ਵਿਚ ਪਾਇਆ ਸੀ ਸਾਨੂੰ ਨਹੀਂ ਪਤਾ। ਕੁਝ ਟਿੱਪਣੀਕਾਰ ਇਹ ਕਿਆਸ ਲਗਾਉਂਦੇ ਹਨ ਕਿ ਮਿਸਰੀਆਂ ਦੇ ਯੁੱਧ ਵਾਲੇ ਭਾਰੀ ਰਥ ਉਸ ਖੁਸ਼ਕ ਸਤ੍ਹਾ ਤੇ ਟੁੱਟਣ ਲੱਗ ਪਏ ਜਿਸ ਤੋਂ ਇਸਰਾਏਲੀ ਲੰਘ ਕੇ ਗਏ ਸਨ, ਜਿਸ ਕਾਰਣ ਉਨ੍ਹਾਂ ਦੇ ਰਥ ਦੇ ਪਹੀਏ ਹੌਲੀ ਚੱਲਣ ਲੱਗ ਪਏ ਅਤੇ ਫਿਰ ਟੁੱਟ ਗਏ ਜਾਂ ਰਥਾਂ ਦੇ ਨਾਲੋਂ ਲਹਿ ਗਏ। ਸੰਬੰਧਤ ਆਇਤਾਂ ਦਾ ਵੱਖ-ਵੱਖ ਤਰੀਕਿਆਂ ਨਾਲ ਅਨੁਵਾਦ ਕੀਤਾ ਜਾ ਸਕਦਾ ਹੈ:

> ਯਹੋਵਾਹ ਨੇ ... ਮਿਸਰੀ ਫ਼ੌਜ ਵਿਚ ਦਹਿਸ਼ਤ ਫੈਲਾ ਦਿੱਤੀ। ਉਸ ਨੇ ਉਨ੍ਹਾਂ ਦੇ ਰਥਾਂ ਦੇ ਪਹੀਆਂ ਨੂੰ ਅਟਕਾ ਦਿੱਤਾ ਇਸ ਲਈ ਉਹ ਭਾਰੀ ਚੱਲਣ ਲੱਗ ਪਏ (NRSV; ਵੇਖੋ REB; NAB;

NJB)।

... ਯਹੋਵਾਹ ਨੇ ... ਉਨ੍ਹਾਂ ਵਿਚ ਖੌਫ ਪੈਦਾ ਕਰ ਦਿੱਤਾ। ਉਨ੍ਹਾਂ ਦੇ ਰਥਾਂ ਦੇ ਪਹੀਏ ਇਕ ਥਾਂ ਅੜ ਗਏ ਅਤੇ ਇਸ ਲਈ ਉਨ੍ਹਾਂ ਦਾ ਅੱਗੇ ਵਧਣਾ ਮੁਸ਼ਕਲ ਹੋ ਗਿਆ (CEV)।

ਯਹੋਵਾਹ ਨੇ ... [ਫੌਜ ਨੂੰ] ਗੜਬੜਾਹਟ ਵਿਚ ਪਾ ਦਿੱਤਾ। ਉਸ ਨੇ ਉਨ੍ਹਾਂ ਦੇ ਰਥਾਂ ਦੇ ਪਹੀਆਂ ਨੂੰ ਲਾਹ ਸੁੱਟਿਆ ਇਸ ਲਈ ਉਨ੍ਹਾਂ ਦੇ ਲਈ ਰਥਾਂ ਨੂੰ ਚਲਾਉਣਾ ਮੁਸ਼ਕਲ ਹੋ ਗਿਆ (NIV; ਵੇਖੋ NKJV)।

ਉਸ ਸਮੇਂ, ਫ਼ਿਰਊਨ ਦੇ ਸਿਪਾਹੀਆਂ ਨੂੰ ਅਹਿਸਾਸ ਹੋ ਗਿਆ ਕਿ ਉਹ ਇਸਰਾਏਲੀਆਂ ਦਾ ਪਿੱਛਾ ਕਰਕੇ ਉਨ੍ਹਾਂ ਨੂੰ ਨਹੀਂ ਫੜ ਸਕਣਗੇ। ਉਨ੍ਹਾਂ ਨੇ ਇਹ ਸਿੱਟਾ ਕੱਢਿਆ ਕਿ ਉਨ੍ਹਾਂ ਦੀਆਂ ਸਮੱਸਿਆਵਾਂ, ਇਬਰਾਨੀਆਂ ਦੇ ਪਰਮੇਸ਼ੁਰ **ਯਹੋਵਾਹ** ਨਾਲ ਸ਼ੁਰੂ ਹੋਈਆਂ ਸਨ। ਸ਼ਾਇਦ ਉਨ੍ਹਾਂ ਨੇ ਉਸ ਬਾਰੇ ਸੋਚਿਆ ਜੋ ਉਹ ਪਹਿਲਾਂ ਭੁੱਲ ਗਏ ਸਨ: ਉਹ ਸਭ ਕੁਝ ਜੋ ਪਰਮੇਸ਼ੁਰ ਨੇ ਇਸਰਾਏਲ ਨੂੰ ਬਚਾਉਣ ਦੇ ਲਈ ਮਿਸਰ ਵਿਚ ਕੀਤਾ ਸੀ। ਉਹ ਸਭ ਯਾਦ ਕਰਕੇ ਉਹ ਡਰ ਗਏ ਅਤੇ ਉਨ੍ਹਾਂ ਦੇ ਵਿਚਾਰ ਇਸਰਾਏਲ ਨੂੰ ਫੜਨ ਦੀ ਬਜਾਇ **ਇਸਰਾਏਲ ਦੇ ਅੱਗੋਂ ਨੱਠਣ** ਵਿਚ ਬਦਲ ਗਏ।

ਉਸ ਗੜਬੜਾਹਟ ਦੀ ਕਲਪਨਾ ਕਰੋ ਜੋ ਮਿਸਰੀ ਫੌਜ ਵਿਚ ਪੈ ਗਈ ਸੀ। ਸਿਪਾਹੀ ਸਮੁੰਦਰ ਵਿਚ ਆਪਣੇ ਰਥ ਲੈ ਕੇ ਵੜ੍ਹ ਗਏ, ਪਰ ਹੁਣ ਉਨ੍ਹਾਂ ਨੂੰ ਆਪਣੇ ਰਥਾਂ ਨੂੰ ਚਲਾਉਣ ਵਿਚ ਜੱਦੋ-ਜਹਿਦ ਕਰਨੀ ਪੈ ਰਹੀ ਸੀ। ਕੁਝ ਉਨ੍ਹਾਂ ਦੇ ਰਥਾਂ ਦੇ ਪਹੀਏ ਟੁੱਟਣ ਤੋਂ ਬਾਅਦ ਆਪਣੇ ਘੋੜਿਆਂ ਨੂੰ ਵੱਸ ਵਿਚ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਕੁਝ ਅੱਗੇ ਨੂੰ ਵਧਣ ਦੀ ਕੋਸ਼ਿਸ਼ ਕਰ ਰਹੇ ਸਨ, ਜਦ ਕਿ ਕੁਝ ਉੱਚੀ ਦੇ ਕੇ ਪੁਕਾਰ ਰਹੇ ਸਨ ਕਿ "ਪਿੱਛੇ ਮੁੜ ਆਓ!" ਅਤੇ ਉਹ ਵਾਪਸ ਸਮੁੰਦਰ ਦੇ ਕੰਢੇ ਤੇ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਸਨ। ਇਸੇ ਦਹਿਸ਼ਤ ਵਿਚ, ਉਨ੍ਹਾਂ ਉੱਤੇ ਤਬਾਹੀ ਆਣ ਪਈ।

## ਫ਼ਿਰਊਨ ਦੀ ਫੌਜ ਦਾ ਡੁੱਬਣਾ (14:26-31)

**26ਫੇਰ ਯਹੋਵਾਹ ਨੇ ਮੂਸਾ ਨੂੰ ਆਖਿਆ, ਆਪਣਾ ਹੱਥ ਸਮੁੰਦਰ ਉੱਤੇ ਲੰਮਾ ਕਰ ਤਾਂ ਜੋ ਪਾਣੀ
ਮਿਸਰੀਆਂ ਉੱਤੇ, ਉਨ੍ਹਾਂ ਦੇ ਰਥਾਂ ਉੱਤੇ ਅਰ ਉਨ੍ਹਾਂ ਦੇ ਘੋੜ ਚੜ੍ਹਿਆਂ ਉੱਤੇ ਮੁੜ ਆਉਣ। 27ਮੂਸਾ ਨੇ
ਆਪਣਾ ਹੱਥ ਸਮੁੰਦਰ ਉੱਤੇ ਲੰਮਾ ਕੀਤਾ ਅਰ ਪੌਹ ਫਟਣ ਵੇਲੇ ਸਮੁੰਦਰ ਆਪਣੇ ਪਹਿਲੇ ਬਲ
ਨਾਲ ਮੁੜਿਆ ਅਤੇ ਮਿਸਰੀ ਉਸ ਦੀ ਵੱਲੋਂ ਨੱਠੇ ਪਰ ਯਹੋਵਾਹ ਨੇ ਮਿਸਰੀਆਂ ਨੂੰ ਸਮੁੰਦਰ ਦੇ ਵਿੱਚ
ਛੰਡ ਸੁੱਟਿਆ। 28ਉਪਰੰਤ ਪਾਣੀ ਮੁੜੇ ਅਰ ਉਨ੍ਹਾਂ ਨੇ ਰਥ ਅਰ ਘੋੜ ਚੜ੍ਹੇ ਅਤੇ ਫ਼ਿਰਊਨ ਦੀ ਸਾਰੀ
ਫੌਜ ਜਿਹੜੀ ਉਨ੍ਹਾਂ ਦੇ ਮਗਰ ਸਮੁੰਦਰ ਵਿੱਚ ਆਈ ਸੀ ਢੱਕ ਲਈ ਅਰ ਉਨ੍ਹਾਂ ਵਿੱਚੋਂ ਇੱਕ ਵੀ ਨਾ
ਬਚਿਆ। 29ਪਰ ਇਸਰਾਏਲੀ ਖੁਸ਼ਕੀ ਉੱਤੋਂ ਸਮੁੰਦਰ ਦੇ ਵਿੱਚ ਦੀ ਚੱਲਦੇ ਗਏ ਅਰ ਪਾਣੀ ਉਨ੍ਹਾਂ
ਦੇ ਸੱਜੇ ਖੱਬੇ ਕੰਧ ਵਾਂਙੁ ਸਨ। 30ਸੋ ਉਸ ਦਿਨ ਯਹੋਵਾਹ ਨੇ ਇਸਰਾਏਲ ਨੂੰ ਮਿਸਰੀਆਂ ਦੇ ਹੱਥੋਂ
ਐਉਂ ਬਚਾਇਆ ਅਤੇ ਇਸਰਾਏਲ ਨੇ ਮਿਸਰੀਆਂ ਦੇ ਮੁਰਦੇ ਸਮੁੰਦਰ ਦੇ ਕੰਢੇ ਉੱਤੇ ਵੇਖੇ। 31ਐਉਂ
ਇਸਰਾਏਲ ਨੇ ਉਹ ਵੱਡਾ ਕੰਮ ਵੇਖਿਆ ਜਿਹੜਾ ਯਹੋਵਾਹ ਨੇ ਮਿਸਰੀਆਂ ਦੇ ਵਿਰੁੱਧ ਕੀਤਾ ਸੀ ਤਾਂ
ਲੋਕ ਯਹੋਵਾਹ ਕੋਲੋਂ ਡਰ ਗਏ ਅਰ ਉਨ੍ਹਾਂ ਨੇ ਯਹੋਵਾਹ ਉੱਤੇ ਅਤੇ ਉਸ ਦੇ ਦਾਸ ਮੂਸਾ ਉੱਤੇ ਪਰਤੀਤ
ਕੀਤੀ।**

**ਆਇਤਾਂ 26, 27.** ਫੇਰ, **ਯਹੋਵਾਹ ਨੇ ਮੂਸਾ ਨੂੰ ਆਖਿਆ, ਆਪਣਾ ਹੱਥ ਸਮੁੰਦਰ ਉੱਤੇ ਲੰਮਾ ਕਰ** ਤਾਂ ਜੋ **ਪਾਣੀ** ਆਪਣੀ ਥਾਂ ਤੇ ਮੁੜ ਜਾਣ ਅਤੇ **ਮਿਸਰੀਆਂ** ਨੂੰ ਡੁਬਾ ਦੇਣ। ਮੂਸਾ ਨੇ ਉਵੇਂ ਹੀ

ਕੀਤਾ ਜਿਵੇਂ ਪਰਮੇਸ਼ੁਰ ਨੇ ਉਸ ਨੂੰ ਆਖਿਆ ਸੀ ਅਤੇ ਪਾਣੀ **ਮੁੜ ਗਏ**। ਦਹਿਸ਼ਤ ਅਤੇ ਗੜਬੜਾਹਟ ਵਿਚ, ਰਥਾਂ ਦੇ ਸਵਾਰ ਸਮੁੰਦਰ ਵਿਚ ਅੱਗੇ ਵਧੇ ਪਰ ਇਹ ਉਨ੍ਹਾਂ ਉੱਤੇ ਆਣ ਪਿਆ। ਕਿਰਿਆ נָעַר *(ਨਾ'ਰ)* ਜਿਸ ਦਾ ਅਨੁਵਾਦ 27 ਆਇਤ ਵਿਚ ਛੰਡ ਸੁੱਟਿਆ ਕੀਤਾ ਗਿਆ ਹੈ, ਉਸ ਦਾ ਅਰਥ "ਵਹਾ ਲੈ ਗਿਆ" (NIV) ਅਤੇ "ਸੁੱਟਿਆ" ਵੀ ਹੁੰਦਾ ਹੈ।[7] ਇਕ ਟਿੱਪਣੀਕਾਰ ਨੇ ਇਸ ਦੀ ਕੁਝ ਇਸ ਤਰ੍ਹਾਂ ਵਿਆਖਿਆ ਕੀਤੀ ਸੀ,

> ਕਿਰਿਆ "ਸੁੱਟਿਆ" ... ਦਾ ਅਰਥ "ਆਪਣੇ ਆਪ ਨੂੰ ਅਜ਼ਾਦ ਕਰਨ ਦੇ ਲਈ ਹਿਲਾਉਣਾ, ਛੰਡਣਾ" ਵੀ ਹੋ ਸਕਦਾ ਹੈ। ਇਸ ਲਈ ਅਸੀਂ ਇਸ ਕਥਨ ਨੂੰ ਸ਼ਾਬਦਿਕ ਵਰਣਾਤਮਕ ਦੇ ਰੂਪ ਵਿਚ ਨਹੀਂ, ਪਰ ਅਲੰਕਾਰਿਕ ਆਂਕੜੇ ਦੇ ਰੂਪ ਵਿਚ ਸਮਝ ਸਕਦੇ ਹਾਂ: "ਯਹੋਵਾਹ ਨੇ ਮਿਸਰੀਆਂ ਨੂੰ ਸਮੁੰਦਰ ਵਿਚ ਛੰਡ ਸੁੱਟਿਆ।" ਸਮੁੰਦਰੀ ਚਮਤਕਾਰ ਦੇ ਨਾਲ, ਇਸ ਤਰ੍ਹਾਂ ਲੱਗਦਾ ਹੈ ਕਿ ਯਹੋਵਾਹ ਮਿਸਰੀਆਂ ਨੂੰ ਇਹ ਕਹਿ ਰਿਹਾ ਸੀ ਕਿ "ਹੁਣ ਬਹੁਤ ਹੋ ਗਿਆ! ਚਲੇ ਜਾਓ!" ਅਤੇ ਯਹੋਵਾਹ ਉਨ੍ਹਾਂ ਨੂੰ ਆਪਣੀ ਹਜ਼ੂਰੀ ਵਿੱਚੋਂ ਸਦਾ ਦੇ ਲਈ ਛੰਡ ਰਿਹਾ ਸੀ।[8]

**ਆਇਤਾਂ 28, 29.** ਪਰਮੇਸ਼ੁਰ ਦੁਆਰਾ "ਉਨ੍ਹਾਂ ਨੂੰ ਛੰਡ ਸੁੱਟਣ" ਦੇ ਨਤੀਜੇ ਵਜੋਂ, ਉਹ ਸਾਰੇ ਮਿਸਰੀ ਜਿਹੜੇ **ਸਮੁੰਦਰ ਵਿੱਚ ਆਏ ਸਨ** ਸਭ ਦੇ ਸਭ ਸਮੁੰਦਰ ਵਿਚ ਹੀ ਮਰ ਗਏ। ਸਲਾ (ਟਿੱਡੀਆਂ) ਦੀ ਫੌਜ ਅਤੇ **ਫ਼ਿਰਊਨ** ਦੀ **ਫੌਜ** ਵਿਚਕਾਰ ਇਕ ਤੁਲਨਾ ਕੀਤੀ ਜਾ ਸਕਦੀ ਹੈ ਕਿਉਂਕਿ ਦੋਵੇਂ ਸਮੂਹ ਲਾਲ ਸਮੁੰਦਰ ਵਿਚ ਨਾਸ ਹੋਏ ਸਨ (10:19)। ਮਿਸਰੀ ਫੌਜ ਦੇ ਨਾਸ ਹੋਣ ਦੇ ਨਾਲ ਹੀ, ਇਸਰਾਏਲੀਆਂ ਦੇ ਮਨ ਵਿੱਚੋਂ ਆਖ਼ਰਕਾਰ ਮਿਸਰੀਆਂ ਦਾ ਡਰ ਅਤੇ ਖ਼ਤਰਾ ਦੂਰ ਹੋ ਗਿਆ।[9]

28 ਅਤੇ 29 ਆਇਤਾਂ ਇਸਰਾਏਲ ਦੇ ਅਨੁਭਵ ਦੀ ਤੁਲਨਾ ਮਿਸਰੀਆਂ ਦੀ ਕਿਸਮਤ ਨਾਲ ਕਰਦੀਆਂ ਹਨ। ਮਿਸਰੀ ਪਾਣੀ ਦੇ ਵਿਚ ਮਰੇ; ਪਰ ਪਰਮੇਸ਼ੁਰ ਨੇ **ਇਸਰਾਏਲ** ਨੂੰ ਲਾਲ ਸਮੁੰਦਰ ਦੇ ਵਿਚ ਦੀ **ਖੁਸ਼ਕੀ ਉੱਤੋਂ** ਦੀ ਲੰਘਾ ਕੇ ਬਚਾਇਆ ਜਦ ਕਿ ਪਾਣੀ ਉਨ੍ਹਾਂ ਦੇ ਸੱਜੇ ਖੱਬੇ ਕੰਧ ਵਾਂਙੁ ਖੜ੍ਹੇ ਰਹੇ (ਵੇਖੋ 14:22)। ਜਿਵੇਂ ਕਿ ਪਲੋਠਿਆਂ ਦੀ ਮੌਤ ਦਾ ਅਰਥ ਮਿਸਰ ਦੇ ਲਈ ਮੌਤ ਸੀ ਜਦ ਕਿ ਪਸਾਹ ਨੇ ਇਸਰਾਏਲ ਦੇ ਪਲੋਠਿਆਂ ਨੂੰ ਬਚਾਇਆ, ਉਸੇ ਤਰ੍ਹਾਂ ਲਾਲ ਸਮੁੰਦਰ ਮਿਸਰੀਆਂ ਦੇ ਲਈ ਮੌਤ ਲੈ ਕੇ ਆਇਆ ਪਰ ਇਸ ਨੇ ਇਸਰਾਏਲੀਆਂ ਨੂੰ ਇਕ ਨਵਾਂ ਜੀਵਨ ਦਿੱਤਾ।

**ਆਇਤ 30.** ਇਹ ਅਧਿਆਇ ਉਸ ਕਥਨ ਨਾਲ ਖਤਮ ਹੁੰਦਾ ਹੈ ਜੋ ਇਸਰਾਏਲ ਦੇ ਸਮੁੰਦਰ ਦੇ ਵਿੱਚੋਂ ਦੀ ਲੰਘਣ ਦੇ ਨਤੀਜਿਆਂ ਦਾ ਖੁਲਾਸਾ ਕਰਦਾ ਹੈ। ਦੋ ਭਾਗ ਹੋਏ ਪਾਣੀਆਂ ਦੇ ਵਿੱਚੋਂ ਦੀ ਆਪਣੀ ਪਰਜਾ ਨੂੰ ਸੁਰੱਖਿਅਤ ਲੰਘਾ ਕੇ, ਪਰਮੇਸ਼ੁਰ ਨੇ ਉਨ੍ਹਾਂ ਨੂੰ ਬਚਾਇਆ। ਇਸਰਾਏਲੀ ਆਪਣੇ ਛੁਟਕਾਰੇ (ਮੁਕਤੀ) ਬਾਰੇ ਅਤੇ ਮਿਸਰ ਦੀ ਹਾਰ ਬਾਰੇ ਨਿਸ਼ਚਤ ਸਨ ਕਿਉਂਕਿ, ਆਪਣੀਆਂ ਅੱਖਾਂ ਨਾਲ, ਉਨ੍ਹਾਂ ਨੇ **ਮਿਸਰੀਆਂ ਦੇ ਮੁਰਦੇ ਸਮੁੰਦਰ ਦੇ ਕੰਢੇ ਉੱਤੇ ਵੇਖੇ**। ਇਹ ਇਕ ਚਸ਼ਮਦੀਦ ਗਵਾਹ ਦੁਆਰਾ ਘੱਟ ਬਿਆਨੀ ਦਾ ਅਤਿ ਉੱਤਮ ਰਚਨਾ ਹੈ। ਲੋਕ ਕਦੇ ਇਸ ਗੱਲ ਦਾ ਸ਼ੱਕ ਨਹੀਂ ਸੀ ਕਰ ਸਕਦੇ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਲਾਲ ਸਮੁੰਦਰ ਰਾਹੀਂ ਮਿਸਰੀਆਂ ਤੋਂ ਬਚਾਇਆ ਸੀ, ਕਿਉਂਕਿ ਉਨ੍ਹਾਂ ਨੇ ਆਪਣੀਆਂ ਅੱਖਾਂ ਨਾਲ ਇਸ ਗੱਲ ਦਾ ਸਬੂਤ ਵੇਖਿਆ ਸੀ।

**ਆਇਤ 31.** ਪਰਮੇਸ਼ੁਰ ਦੇ ਵੱਡੇ **ਕੰਮ** ਦੁਆਰਾ ਇਸ ਛੁਟਕਾਰੇ ਨੇ ਲੋਕਾਂ ਦੇ ਅੰਦਰ ਨਿਹਚਾ ਅਤੇ ਡਰ ਪੈਦਾ ਕੀਤਾ। ਲੋਕ **ਯਹੋਵਾਹ ਕੋਲੋਂ ਡਰ ਗਏ**! ਸਾਨੂੰ ਉਸ ਪਰਮੇਸ਼ੁਰ ਦੇ ਸਾਹਮਣੇ ਡਰ, ਆਦਰ ਅਤੇ ਆਗਿਆਕਾਰੀ ਵਿਚ ਰਹਿਣਾ ਚਾਹੀਦਾ ਹੈ ਜਿਹੜੇ ਇਹੋ ਜਿਹੇ ਅਚਰਜ ਕੰਮ ਕਰ ਸਕਦਾ ਹੈ ਅਤੇ ਆਪਣੇ ਦੁਸ਼ਮਣਾਂ ਦਾ ਪੂਰੀ ਤਰ੍ਹਾਂ ਨਾਸ ਕਰ ਸਕਦਾ ਹੈ। ਇਸਰਾਏਲੀਆਂ ਨੇ ਯਹੋਵਾਹ ਉੱਤੇ ਅਤੇ ਮੂਸਾ ਉੱਤੇ ਪਰਮੇਸ਼ੁਰ ਦੇ ਨੁਮਾਇੰਦੇ ਅਤੇ ਬੁਲਾਰੇ ਦੇ ਤੌਰ ਤੇ ਵੀ ਪਰਤੀਤ ਕੀਤੀ ਸੀ: **ਉਨ੍ਹਾਂ ਨੇ ਯਹੋਵਾਹ ਉੱਤੇ ਅਤੇ ਉਸ ਦੇ ਦਾਸ ਮੂਸਾ ਉੱਤੇ ਪਰਤੀਤ ਕੀਤੀ।**[10] ਮੂਸਾ ਉੱਤੇ ਲੋਕਾਂ ਦੇ ਭਰੋਸੇ ਨੂੰ, ਇਸ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿਚ, ਪਰਮੇਸ਼ੁਰ ਉੱਤੇ ਉਨ੍ਹਾਂ ਦੀ ਨਿਹਚਾ

ਦੇ ਨਾਲ ਨੇੜਿਓਂ ਜੋੜ ਕੇ ਵੇਖਿਆ ਗਿਆ ਹੈ। ਮੂਸਾ ਦੀਆਂ ਗੱਲਾਂ ਉੱਤੇ ਵਿਸ਼ਵਾਸ ਕਰਨਾ ਪਰਮੇਸ਼ੁਰ ਉੱਤੇ ਵਿਸ਼ਵਾਸ ਕਰਨਾ ਸੀ; ਪਰਮੇਸ਼ੁਰ ਉੱਤੇ ਵਿਸ਼ਵਾਸ ਕਰਨਾ - ਭਰੋਸਾ ਅਤੇ ਪਰਤੀਤ ਕਰਨਾ - ਮੂਸਾ ਉੱਤੇ ਵਿਸ਼ਵਾਸ ਕਰਨਾ ਸੀ, ਉਹ ਜਿਸ ਨੂੰ ਪਰਮੇਸ਼ੁਰ ਨੇ ਆਪਣੀ ਪਰਜਾ ਦੀ ਅਗਵਾਈ ਕਰਨ ਦੇ ਲਈ ਨਿਯੁਕਤ ਕੀਤਾ ਸੀ।

# ਪ੍ਰਾਸੰਗਿਕਤਾ

### ਜਦੋਂ ਸਾਡੀ ਨਿਹਚਾ ਪਰਖੀ ਜਾਂਦੀ ਹੈ (ਅਧਿਆਇ 14)

ਯਾਕੂਬ 1:3 ਕਹਿੰਦੀ ਹੈ, "ਤੁਹਾਡੀ ਨਿਹਚਾ ਦੀ ਪਰੀਖਿਆ ਧੀਰਜ ਬਣਾਉਂਦੀ ਹੈ।" ਸ਼ਾਇਦ ਇਸ "ਪਰੀਖਿਆ" ਤੋਂ ਯਾਕੂਬ ਦਾ ਅਰਥ ਸਤਾਓ ਸੀ। ਵਿਚਾਰ ਇਹ ਹੈ ਕਿ ਜਦੋਂ ਇਕ ਮਸੀਹੀ ਵਿਅਕਤੀ ਦੀ ਨਿਹਚਾ ਪਰਖੀ ਜਾਂਦੀ ਹੈ ਅਤੇ ਉਹ ਫਿਰ ਵੀ ਵਫ਼ਾਦਾਰ ਰਹਿੰਦਾ ਹੈ, ਉਹ ਆਤਿਮਕ ਤੌਰ ਤੇ ਉੱਨਤੀ ਪਾਉਂਦਾ ਹੈ। ਬਦਕਿਸਮਤੀ ਨਾਲ, ਹਰ ਕੋਈ ਇਸ ਪਰੀਖਿਆ ਵਿੱਚੋਂ ਪਾਸ ਨਹੀਂ ਹੁੰਦਾ।

ਕੀ ਸਾਡੀ ਨਿਹਚਾ ਕਦੇ ਪਰਖੀ ਗਈ ਹੈ? ਕੀ ਅਸੀਂ ਕਦੇ ਪਰਮੇਸ਼ੁਰ ਨੂੰ ਤਿਆਗਣ ਦੇ ਲਈ ਪਰਤਾਏ ਗਏ ਹਾਂ? ਜਦੋਂ ਸਾਡੇ ਲਈ ਜੀਵਨ ਬੁਰਾ ਚਲ ਰਿਹਾ ਹੁੰਦਾ ਹੈ - ਨਿੱਜੀ ਬਿਮਾਰੀ, ਸੋਗ, ਆਰਥਿਕ ਮੁਸ਼ਕਲਾਂ, ਪਰਿਵਾਰਕ ਲੜਾਈ ਝਗੜਿਆਂ, ਜਾਂ ਨਿੱਜੀ ਸਮੱਸਿਆਵਾਂ ਦੇ ਕਾਰਣ - ਤਾਂ ਸਾਡੀ ਨਿਹਚਾ ਪਰਖੀ ਜਾਂਦੀ ਹੈ। ਕਈ ਵਾਰ ਤਾਂ ਇਹ ਉਸ ਸਮੇਂ ਵੀ ਸੱਚ ਹੁੰਦਾ ਹੈ ਜਦੋਂ ਸਾਡੇ ਜੀਵਨ ਸਹੀ ਤਰ੍ਹਾਂ ਚੱਲ ਰਹੇ ਹੁੰਦੇ ਹਨ। ਉਦਾਹਰਣ ਦੇ ਲਈ, ਖੁਸ਼ਹਾਲੀ ਸਾਨੂੰ ਭੌਤਿਕਵਾਦੀ ਬਣਨ ਦੇ ਲਈ ਪਰਤਾ ਸਕਦੀ ਹੈ। ਤਾਂ ਫਿਰ ਅਸੀਂ ਕੀ ਕਰੀਏ? ਇਸਰਾਏਲੀਆਂ ਦਾ ਤਜੁਰਬਾ ਜਦੋਂ ਉਹ ਲਾਲ ਸਮੁੰਦਰ ਦੇ ਕੰਢੇ ਤੇ ਖੜ੍ਹੇ ਸਨ ਸਾਨੂੰ ਕੁਝ ਹਦਾਇਤਾਂ ਦਿੰਦਾ ਹੈ।

*ਜਦੋਂ ਸਾਡੀ ਨਿਹਚਾ ਪਰਖੀ ਜਾਂਦੀ ਹੈ, ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਗੱਲਾਂ ਓਨੀਆਂ ਬੁਰੀਆਂ ਨਹੀਂ ਹਨ ਜਿੰਨੀਆਂ ਕਿ ਉਹ ਜਾਪਦੀਆਂ ਹਨ।* ਇਸਰਾਏਲੀਆਂ ਦੇ ਲਈ ਇਹ ਗੱਲ ਸੱਚ ਸੀ। ਉਨ੍ਹਾਂ ਨੇ ਸੋਚਿਆ ਕਿ ਉਹ ਬਚ ਨਿੱਕਲੇ ਸਨ। ਉਨ੍ਹਾਂ ਦੀ ਖੁਸ਼ੀ ਦੀ ਕਲਪਨਾ ਕਰੋ! ਫਿਰ ਉਹ ਸਮੁੰਦਰ ਦੇ ਕੰਢੇ ਤੇ ਪਹੁੰਚੇ ਅਤੇ ਉਨ੍ਹਾਂ ਦੀ ਖੁਸ਼ੀ ਨਿਰਾਸ਼ਾ ਵਿਚ ਬਦਲ ਗਈ। ਉਨ੍ਹਾਂ ਦੇ ਸਾਹਮਣੇ ਸਮੁੰਦਰ ਸੀ, ਦੋਹਾਂ ਪਾਸਿਆਂ ਤੇ ਉਜਾੜ ਸੀ ਅਤੇ ਉਨ੍ਹਾਂ ਦੇ ਪਿੱਛੇ ਫ਼ਿਰਊਨ ਦੀ ਫੌਜ ਸੀ (14:9)। ਉਹ ਤਾਕਤਾਂ ਜੋ ਉਨ੍ਹਾਂ ਦੇ ਵਿਰੁੱਧ ਸਨ ਜਬਰਦਸਤ ਜਾਪਦੀਆਂ ਸਨ। ਉਨ੍ਹਾਂ ਨੂੰ ਬਾਹਰ ਨਿੱਕਲਣ ਦਾ ਕੋਈ ਰਸਤਾ ਦਿਖਾਈ ਨਹੀਂ ਸੀ ਦੇ ਰਿਹਾ। ਪਰ, ਕਿਉਂਕਿ ਅਸੀਂ ਬਾਕੀ ਦੀ ਕਹਾਣੀ ਜਾਣਦੇ ਹਾਂ, ਸਾਨੂੰ ਪਤਾ ਹੈ ਕਿ ਉਨ੍ਹਾਂ ਦੇ ਬਾਹਰ ਨਿੱਕਲਣ ਦਾ ਇਕ ਰਸਤਾ *ਸੀ।* ਆਖ਼ਰਕਾਰ, ਪਰਮੇਸ਼ੁਰ ਨੇ ਉਨ੍ਹਾਂ ਨੂੰ ਬਚਾ ਲਿਆ।

ਇਸਰਾਏਲੀਆਂ ਦੇ ਵਾਂਗ, ਜਦੋਂ ਅਸੀਂ ਵੀ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਾਂ, ਤਾਂ ਅਸੀਂ ਨਕਾਰਾਤਮਕ ਚੀਜ਼ਾਂ ਵੱਲ ਵੇਖਦੇ ਹਾਂ, ਭੈੜੇ ਨਤੀਜੇ ਦੀ ਕਲਪਨਾ ਕਰਦੇ ਹਾਂ ਅਤੇ ਸਕਾਰਾਤਮਕ ਸੰਭਾਵਨਾਵਾਂ ਨੂੰ ਵੇਖਣ ਵਿਚ ਅਸਫ਼ਲ ਹੁੰਦੇ ਹਾਂ। ਸਾਨੂੰ ਇਹ ਨਿਹਚਾ ਹੋਣੀ ਚਾਹੀਦੀ ਹੈ ਕਿ ਹਾਲਤ ਇੰਨੀ ਬੁਰੀ ਨਹੀਂ ਹੈ ਜਿੰਨੀ ਕਿ ਇਹ ਜਾਪਦੀ ਹੈ।

*ਜਦੋਂ ਸਾਡੀ ਨਿਹਚਾ ਪਰਖੀ ਜਾਂਦੀ ਹੈ, ਸਾਨੂੰ ਪਰਮੇਸ਼ੁਰ ਵੱਲ ਤੱਕਣਾ ਚਾਹੀਦਾ ਹੈ।* ਇਸਰਾਏਲੀਆਂ ਨੇ "ਯਹੋਵਾਹ ਦੇ ਅੱਗੇ ਤਰਲੇ ਕੀਤੇ" (14:10)। ਇੱਥੋਂ ਤੱਕ ਉਹ ਸਹੀ ਸਨ - ਪਰ ਫਿਰ ਉਨ੍ਹਾਂ ਨੇ ਸ਼ਿਕਾਇਤ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਕਰਕੇ, ਉਨ੍ਹਾਂ ਨੇ ਦੋ ਨਕਾਰਾਤਮਕ ਰਵੱਈਏ ਵਿਖਾਏ ਜੋ ਉਨ੍ਹਾਂ ਦੇ ਬਾਰੇ ਦੱਸਦੇ ਹਨ: ਭੁੱਲਣਾ ਅਤੇ ਨਾਸ਼ੁਕਰਾਪਣ। ਪਰਮੇਸ਼ੁਰ ਨੇ ਉਨ੍ਹਾਂ ਦੇ ਲਈ ਜੋ ਕੀਤਾ ਸੀ ਉਹ ਸਭ ਭੁੱਲ ਗਏ ਸਨ ਅਤੇ ਉਹ ਪਰਮੇਸ਼ੁਰ ਦੀਆਂ ਬਰਕਤਾਂ ਦੇ ਲਈ

ਧੰਨਵਾਦੀ ਨਹੀਂ ਸਨ। ਫਿਰ ਵੀ, ਪਰਮੇਸ਼ੁਰ ਨੇ ਉਨ੍ਹਾਂ ਨੂੰ ਛੁਟਕਾਰੇ ਦਾ ਵਾਅਦਾ ਦਿੰਦੇ ਹੋਏ ਉਨ੍ਹਾਂ ਦੇ ਤਰਲੇ ਦਾ ਜਵਾਬ ਦਿੱਤਾ। ਮੂਸਾ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਪਰਮੇਸ਼ੁਰ ਉਨ੍ਹਾਂ ਨੂੰ ਜਰੂਰ ਬਚਾਵੇਗਾ: "ਨਾ ਡਰੋ, ਖੜੇ ਰਹੋ ਅਰ ਯਹੋਵਾਹ ਦੇ ਬਚਾਉ ਨੂੰ ਵੇਖੋ" (14:13, 14)।

ਜਦੋਂ ਸਾਡੀ ਨਿਹਚਾ ਪਰਖੀ ਜਾਂਦੀ ਹੈ ਪਰਮੇਸ਼ੁਰ ਵੱਲ ਮੁੜਨਾ ਸਾਡੇ ਲਈ ਸੁਭਾਵਕ ਬਣਨਾ ਚਾਹੀਦਾ ਹੈ। ਪਰਮੇਸ਼ੁਰ ਵਿਚ - ਪ੍ਰਾਰਥਨਾ ਰਾਹੀਂ, ਵਚਨਾਂ ਰਾਹੀਂ ਅਤੇ ਸਾਡੇ ਨਾਲ ਦੇ ਮਸੀਹੀ ਲੋਕਾਂ ਦੇ ਰਾਹੀਂ - ਅਸੀਂ ਉਹ ਮਦਦ ਅਤੇ ਤਸੱਲੀ ਪਾ ਸਕਦੇ ਹਾਂ ਜਿਸ ਦੀ ਸਾਨੂੰ ਪਰਤਾਵੇ ਦੇ ਸਮਿਆਂ ਵਿਚ ਲੋੜ ਹੁੰਦੀ ਹੈ। ਕਈ ਵਾਰ ਲੋਕ ਪਰਮੇਸ਼ੁਰ ਦੇ ਹੋਰ ਜ਼ਿਆਦਾ ਨੇੜੇ ਹੋਣ ਦੀ ਬਜਾਇ ਪਰਮੇਸ਼ੁਰ ਤੋਂ ਹੋਰ ਜ਼ਿਆਦਾ ਦੂਰ ਹੋ ਜਾਂਦੇ ਹਨ, ਸਗੋਂ ਕਲੀਸੀਆ ਤੋਂ ਵੀ ਮੁੜ ਜਾਂਦੇ ਹਨ। ਕਾਸ਼ ਸਾਡੇ ਬਾਰੇ ਇਹ ਕਦੇ ਨਾ ਕਿਹਾ ਜਾਵੇ!

*ਜਦੋਂ ਸਾਡੀ ਨਿਹਚਾ ਪਰਖੀ ਜਾਂਦੀ ਹੈ, ਸਾਨੂੰ ਅੱਗੇ ਵਧਣਾ ਚਾਹੀਦਾ ਹੈ।* ਸਾਨੂੰ ਵਾਅਦੇ ਦੇ ਦੇਸ ਵਿਚ ਜਾਣ ਦੇ ਲਈ ਅੱਗੇ ਨੂੰ ਵਧਦੇ ਜਾਣਾ ਚਾਹੀਦਾ ਹੈ। ਕੂਚ 14 ਵਿਚ ਦਿੱਤੀ ਗਈ ਕਹਾਣੀ ਬਾਰੇ ਸਭ ਤੋਂ ਕਮਾਲ ਦੀ ਗੱਲ ਪਰਮੇਸ਼ੁਰ ਦੀਆਂ ਹਦਾਇਤਾਂ ਵਿਚ ਮਿਲਦੀ ਹੈ। ਮੂਸਾ ਦੇ ਇਹ ਕਹਿਣ ਤੋਂ ਬਾਅਦ ਕਿ "ਖੜੇ ਰਹੋ ਅਤੇ ਵੇਖੋ" (14:13), ਪਰਮੇਸ਼ੁਰ ਨੇ ਆਖਿਆ, "ਅੱਗੇ ਤੁਰੋ" (14:15)। ਉਨ੍ਹਾਂ ਦੀ ਨਿਹਚਾ ਪਰਖੀ ਗਈ ਸੀ! ਉਨ੍ਹਾਂ ਦੇ ਭਰਮ ਕਰਨ ਦੇ ਬਾਵਜੂਦ ਵੀ, ਉਹ ਸਮੁੰਦਰ ਵਿਚ "ਅੱਗੇ ਵਧੇ।" ਜਦੋਂ ਸਮੁੰਦਰ ਦੋ ਭਾਗ ਹੋ ਗਿਆ, ਉਹ ਸਮੁੰਦਰ ਦੇ ਵਿਚ ਦੀ ਖੁਸ਼ਕੀ ਉੱਤੋਂ ਦੀ ਲੰਘੇ। ਇਸ ਤਰ੍ਹਾਂ ਕਰਕੇ, ਉਹ ਬਚਾਏ ਗਏ, ਉਨ੍ਹਾਂ ਦੇ ਖ਼ਤਰੇ ਤੋਂ ਛੁਡਾਏ ਗਏ।

ਸਾਡੇ ਬਾਰੇ ਕੀ ਹੈ? ਜਦੋਂ ਸਾਡੀ ਨਿਹਚਾ ਪਰਖੀ ਜਾਂਦੀ ਹੈ, ਅਸੀਂ ਆਮ ਤੌਰ ਤੇ ਇਹ ਜਾਣਦੇ ਹਾਂ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ। ਸਵਾਲ ਇਹ ਹੈ ਕਿ - ਸਾਡੇ ਭਰਮਾਂ, ਡਰਾਂ ਅਤੇ ਮੁਸ਼ਕਲਾਂ ਦੇ ਬਾਵਜੂਦ - ਅਸੀਂ ਉਹ ਕਰਦੇ ਹਾਂ ਜਾਂ ਨਹੀਂ।

ਅਕਸਰ, ਜਦੋਂ ਤਨਾਅਪੂਰਣ ਹਾਲਾਤਾਂ ਅਤੇ ਮੁਸ਼ਕਲ ਹਾਲਾਤਾਂ ਦੁਆਰਾ ਸਾਡੀ ਨਿਹਚਾ ਪਰਖੀ ਜਾਂਦੀ ਹੈ, ਸਾਨੂੰ ਉਹ ਕਰਨ ਦੀ ਲੋੜ ਹੁੰਦੀ ਹੈ ਜੋ ਇਸਰਾਏਲ ਨੂੰ ਕਰਨ ਦੇ ਲਈ ਆਖਿਆ ਗਿਆ ਸੀ: (1) ਪਰਮੇਸ਼ੁਰ ਤੇ ਨਿਰਭਰ ਹੋਵੋ: "ਖੜੇ ਰਹੋ ਅਤੇ ਯਹੋਵਾਹ ਦੇ ਬਚਾਉ ਨੂੰ ਵੇਖੋ" (14:13)। (2) ਫਿਰ "ਅੱਗੇ ਤੁਰੋ" (14:15)। ਪੌਲੁਸ ਨੇ ਆਖਿਆ, "ਪਿਛਲੀਆਂ ਗੱਲਾਂ ਨੂੰ ਭੁਲਾ ਕੇ ਅਤੇ ਉਨ੍ਹਾਂ ਗੱਲਾਂ ਲਈ ਜਿਹੜੀਆਂ ਅੱਗੇ ਹਨ ਅਗਾਹਾਂ ਵਧ ਕੇ ਨਿਸ਼ਾਨੇ ਦੀ ਵੱਲ ਦੱਬੀ ਜਾਂਦਾ ਹਾਂ ਭਈ ਉਸ ਉੱਪਰਲੇ ਸੱਦੇ ਦਾ ਇਨਾਮ ਲਵਾਂ ਜੋ ਪਰਮੇਸ਼ੁਰ ਦੀ ਵੱਲੋਂ ਮਸੀਹ ਯਿਸੂ ਵਿੱਚ ਹੈ" (ਫ਼ਿਲਿੱਪੀਆਂ 3:13, 14)। ਕੀ ਸਾਡੇ ਸਾਹਮਣੇ ਇਕ ਸਮੁੰਦਰ ਹੈ? ਪਰਮੇਸ਼ੁਰ ਸਮੁੰਦਰ ਨੂੰ ਦੋ ਭਾਗ ਕਰ ਸਕਦਾ ਹੈ। ਕੀ ਸਾਡੇ ਸਾਹਮਣੇ ਇਕ ਕੰਧ ਹੈ? ਪਰਮੇਸ਼ੁਰ ਉਸ ਕੰਧ ਨੂੰ ਢਾਹੁਣ ਵਿਚ ਸਾਡੀ ਮਦਦ ਕਰ ਸਕਦਾ ਹੈ। ਕੀ ਸਾਡੇ ਸਾਹਮਣੇ ਇਕ ਬੰਦ ਦਰਵਾਜਾ ਹੈ? ਪਰਮੇਸ਼ੁਰ ਉਸ ਦਰਵਾਜੇ ਨੂੰ ਖੋਲ੍ਹ ਸਕਦਾ ਹੈ। ਸਾਨੂੰ ਸਮੁੰਦਰ ਦੇ ਵਿੱਚੋਂ ਦੀ ਲੰਘਣਾ, ਕੰਧ ਨੂੰ ਢਾਹੁਣਾ, ਜਾਂ ਦਰਵਾਜੇ ਥਾਣੀਂ ਅੰਦਰ ਵੜਨਾ ਚਾਹੀਦਾ ਹੈ। ਸਾਡੀ ਨਿਹਚਾ ਦੀ ਪਰਖ ਦਾ ਹੱਲ ਸਿਰਫ "ਨਿਹਚਾ ਨੂੰ ਸੰਭਾਲ ਕੇ ਰੱਖਣਾ" ਅਤੇ ਉਹ ਕਰਦੇ ਰਹਿਣਾ ਹੈ ਜੋ ਪਰਮੇਸ਼ੁਰ ਸਾਡੇ ਕੋਲੋਂ ਕਰਵਾਉਣਾ ਚਾਹੁੰਦਾ ਹੈ।

*ਸਿੱਟਾ।* ਪਰਮੇਸ਼ੁਰ ਕੋਲ ਸਾਡੇ ਵਿਅਕਤੀਗਤ ਜੀਵਨਾਂ ਦੇ ਲਈ ਅਤੇ ਕਲੀਸੀਆ ਦੇ ਸਾਮੂਹਿਕ ਜੀਵਨ ਦੇ ਲਈ ਉੱਤਰ ਹੈ। ਸਾਨੂੰ ਪਰਮੇਸ਼ੁਰ ਦੀਆਂ ਹਦਾਇਤਾਂ ਨੂੰ ਸੁਣਨਾ ਅਤੇ ਅੱਗੇ ਵਧਦੇ ਰਹਿਣਾ ਚਾਹੀਦਾ ਹੈ, ਸਗੋਂ ਉਸ ਸਮੇਂ ਵੀ ਜਦੋਂ ਅੱਗੇ ਦਾ ਰਾਹ ਅਸੰਭਵ ਜਾਪਦਾ ਹੈ। ਪਰਮੇਸ਼ੁਰ ਜਿਹੜਾ ਲਾਲ ਸਮੁੰਦਰ ਨੂੰ ਦੋ ਭਾਗ ਕਰ ਸਕਦਾ ਸੀ ਸਾਡੇ ਲਈ ਵੀ ਦਰਵਾਜੇ ਨੂੰ ਖੋਲ੍ਹ ਸਕਦਾ ਹੈ ਜੋ ਸਾਡੇ ਲਈ ਅਤੇ ਦੂਜਿਆਂ ਦੇ ਲਈ ਬਰਕਤ ਦਾ ਕਾਰਣ ਬਣੇਗਾ।

**ਅੰਤ ਵਿਚ ਅਜ਼ਾਦੀ! (ਅਧਿਆਇ 14)**

"ਅਜ਼ਾਦੀ" ਇਕ ਅਜਿਹਾ ਸ਼ਬਦ ਹੈ ਜੋ ਲੋਕਾਂ ਨੂੰ ਬਹੁਤ ਜ਼ਿਆਦਾ ਪਸੰਦ ਹੈ। ਬਹੁਤ ਸਾਰੇ ਦੇਸ਼ਾਂ ਨੇ ਅਜ਼ਾਦੀ ਪ੍ਰਾਪਤ ਕਰਨ ਲਈ ਜਾਂ ਅਜ਼ਾਦ ਰਹਿਣ ਦੇ ਲਈ ਲੜਾਈ ਲੜੀ ਹੈ। ਇਸੇ ਲਈ ਸਾਨੂੰ ਮਿਸਰ ਦੀ ਗੁਲਾਮੀ ਵਿੱਚੋਂ ਇਸਰਾਏਲੀਆਂ ਦੀ ਅਜ਼ਾਦੀ ਦੀ ਕਹਾਣੀ ਨੂੰ ਸੁਣਨ ਦਾ ਮਜ਼ਾ ਆਉਂਦਾ ਹੈ। ਪਰਮੇਸ਼ੁਰ ਨੇ ਗੁਲਾਮੀ ਵਿਚ ਪਏ ਲੋਕਾਂ ਦੇ ਤਰਲਿਆਂ ਨੂੰ ਸੁਣਿਆ ਅਤੇ ਉਨ੍ਹਾਂ ਨੂੰ ਸੱਚਮੁੱਚ ਅਜ਼ਾਦ ਕੀਤਾ! ਉਹ ਸਾਡੇ ਜੀਵਨਾਂ ਵਿਚ ਵੀ ਇਹੀ ਕਰ ਸਕਦਾ ਹੈ (ਯੂਹੰਨਾ 8:32, 36)।

*ਉਹ ਗੁਲਾਮੀ ਵਿਚ ਪਏ ਸਨ।* ਪਰਮੇਸ਼ੁਰ ਨੇ ਇਸਰਾਏਲ ਦੀ ਮੁਸੀਬਤ ਦੇ ਕਾਰਣ ਉਨ੍ਹਾਂ ਦੀ ਦੁਹਾਈ ਨੂੰ ਸੁਣਿਆ (ਕੂਚ 3:7)। ਆਪਣੇ ਬੁਲਾਰੇ ਦੇ ਰਾਹੀਂ ਪਰਮੇਸ਼ੁਰ ਨੇ ਮਿਸਰ ਦੇ ਰਾਜੇ ਨੂੰ ਹੁਕਮ ਦਿੱਤਾ ਕਿ "ਮੇਰੀ ਪਰਜਾ ਨੂੰ ਜਾਣ ਦੇਹ!" ਫਿਰ, ਆਪਣੇ ਹੱਥ ਦੇ ਬਲ ਨਾਲ, ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਗੁਲਾਮੀ ਤੋਂ ਛੁਡਾਇਆ। ਅਸੀਂ ਵੀ ਪਾਪ ਦੇ ਗੁਲਾਮ ਸੀ ਜਾਂ ਹਾਂ (ਰੋਮੀਆਂ 6:19-23)। ਇਹ ਗੁਲਾਮੀ ਵੀ ਇਕ ਕਿਸਮ ਦੀ ਮੁਸੀਬਤ ਹੈ, ਕਿਉਂਕਿ ਪਾਪ ਦੀ ਮਜਦੂਰੀ ਸਿਰਫ ਮੌਤ ਹੈ। ਜਦ ਕਿ ਅਸੀਂ ਪਾਪ ਦੇ ਗੁਲਾਮ ਹਾਂ, ਅਸੀਂ ਪਰਮੇਸ਼ੁਰ ਤੋਂ ਬਿਨ੍ਹਾਂ ਹਾਂ, ਮਸੀਹ ਤੋਂ ਅੱਡ ਹਾਂ ਅਤੇ ਆਸਾ ਹੀਣ ਹਾਂ (ਅਫ਼ਸੀਆਂ 2:12)।

*ਉਹ ਪਰਮੇਸ਼ੁਰ ਦੁਆਰਾ ਸ਼ਕਤੀਸ਼ਾਲੀ ਢੰਗ ਨਾਲ ਛੁਡਾਏ ਗਏ ਸਨ।* ਇਸਰਾਏਲ ਦੇ ਲਈ ਖੁਸ਼ਖ਼ਬਰੀ ਇਹ ਸੀ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਗੁਲਾਮੀ ਵਿੱਚੋਂ ਬਾਹਰ ਕੱਢਣ ਦੇ ਲਈ ਮਨੁੱਖੀ ਇਤਹਾਸ ਵਿਚ ਦਖ਼ਲਅੰਦਾਜ਼ੀ ਕੀਤੀ (3:8)। ਹਾਲਾਂਕਿ ਭਾਸ਼ਾ ਸਰਲ ਹੈ, ਇਹ ਖਾਸ ਕਰਕੇ ਸਾਰਥਕ ਵੀ ਹੈ: ਪਰਮੇਸ਼ੁਰ ਨੇ ਆਖਿਆ, "ਮੈਂ ਉੱਤਰਿਆਂ ਹਾਂ ਤਾਂ ਜੋ ਉਨ੍ਹਾਂ ਨੂੰ ਛੁਡਾਵਾਂ।" ਕੀ ਇਹ ਅਦਭੁਤ ਨਹੀਂ ਹੈ ਕਿ ਪਰਮੇਸ਼ੁਰ ਨੇ ਮਨੁੱਖਾਂ ਨੂੰ ਛੁਟਕਾਰਾਂ ਦੇਣ ਦੇ ਲਈ ਮਨੁੱਖੀ ਮਾਮਲਿਆਂ ਵਿਚ ਵਿਅਕਤੀਗਤ ਤੌਰ ਤੇ ਦਖ਼ਲਅੰਦਾਜ਼ੀ ਕੀਤੀ ਹੈ? ਪਰਮੇਸ਼ੁਰ ਨੇ ਉਨ੍ਹਾਂ ਨੂੰ ਬਵਾਂ ਦੇ ਜ਼ਰੀਏ ਛੁਟਕਾਰਾ ਦਿੱਤਾ ਸੀ। ਕਈ ਵਾਰ ਫ਼ਿਰਊਨ ਨੇ ਜਜ਼ਬਾਤੀ ਹੋ ਕੇ ਇਸਰਾਏਲੀਆਂ ਨੂੰ ਵਾਅਦਾ ਦਿੱਤਾ ਸੀ ਕਿ ਉਹ ਜਾ ਸਕਦੇ ਹਨ। ਹਰ ਵਾਰ ਜਦੋਂ ਬਵਾ ਹਟ ਗਈ, ਤਾਂ ਫ਼ਿਰਊਨ ਨੇ ਆਪਣੇ ਮਨ ਨੂੰ ਕਠੋਰ ਕਰ ਲਿਆ ਅਤੇ ਉਨ੍ਹਾਂ ਨੂੰ ਜਾਣ ਤੋਂ ਮਨ੍ਹਾ ਕੀਤਾ। ਅੰਤ ਵਿਚ, ਪਰਮੇਸ਼ੁਰ ਨੇ ਮਿਸਰ ਦੇ ਪਲੋਠਿਆਂ ਨੂੰ ਮਾਰ ਦਿੱਤਾ (11:4, 5; 12:29), ਪਰ ਉਹ ਉਨ੍ਹਾਂ ਆਗਿਆਕਾਰੀ ਇਸਰਾਏਲੀਆਂ ਦੇ ਘਰਾਂ ਦੇ ਉੱਤੋਂ ਦੀ ਲੰਘ ਗਿਆ ਜਿਨ੍ਹਾਂ ਨੇ ਆਪਣੇ ਘਰਾਂ ਦੇ ਦੋਹੀਂ ਬਾਹੀਂ ਅਤੇ ਸੇਰੂਆਂ ਉੱਤੇ ਲੇਲੇ ਦਾ ਲਹੂ ਲਾਇਆ ਸੀ (ਵੇਖੋ 12:7, 13)। ਫ਼ਿਰਊਨ ਨੇ ਗੁਲਾਮਾਂ ਨੂੰ ਜਾਣ ਦਿੱਤਾ ਪਰ ਬਾਅਦ ਵਿਚ ਉਸ ਨੇ ਆਪਣਾ ਮਨ ਬਦਲ ਲਿਆ ਅਤੇ ਉਨ੍ਹਾਂ ਦਾ ਪਿੱਛਾ ਕੀਤਾ (14:5-9)। ਫਿਰ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਲਾਲ ਸਮੁੰਦਰ ਦੇ ਵਿੱਚੋਂ ਛੁਡਾਇਆ। ਜਦੋਂ ਫ਼ਿਰਊਨ ਦੇ ਸਿਪਾਹੀਆਂ ਨੇ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ, ਉਹ ਨਾਸ ਹੋ ਗਏ (14:24-28)। ਇਸਰਾਏਲ ਆਖ਼ਰਕਾਰ ਮਿਸਰ ਦੀ ਗੁਲਾਮੀ ਤੋਂ ਅਜ਼ਾਦ ਹੋ ਗਿਆ। ਇਸਰਾਏਲੀ ਉਨ੍ਹਾਂ ਦੀ ਆਪਣੀ ਅੱਛਾਈ ਜਾਂ ਬਲ ਨਾਲ ਅਜ਼ਾਦ ਨਹੀਂ ਸੀ ਹੋਏ, ਪਰ ਪਰਮੇਸ਼ੁਰ ਦੀ ਸ਼ਕਤੀ ਅਤੇ ਦਯਾ ਅਤੇ ਕਿਰਪਾ ਨਾਲ ਅਜ਼ਾਦ ਹੋਏ ਸਨ। ਉਹ ਲਹੂ ਨਾਲ ਅਜ਼ਾਦ ਕੀਤੇ ਗਏ ਸਨ - ਕਿਉਂਕਿ ਉਨ੍ਹਾਂ ਨੇ ਆਪਣੇ ਬੂਹੇ ਦੀਆਂ ਬਾਹੀਆਂ ਅਤੇ ਸੇਰੂਆਂ ਤੇ ਲਹੂ ਲਾਇਆ ਸੀ।

ਅੱਜ ਦੇ ਲੋਕਾਂ ਦੇ ਲਈ ਖੁਸ਼ਖ਼ਬਰੀ ਇਹ ਹੈ ਕਿ ਪਰਮੇਸ਼ੁਰ ਨੇ ਮਨੁੱਖਜਾਤੀ ਨੂੰ ਛੁਡਾਉਣ ਦੇ ਲਈ ਫੇਰ ਮਨੁੱਖੀ ਇਤਹਾਸ ਵਿਚ ਦਖ਼ਲਅੰਦਾਜ਼ੀ ਕੀਤੀ ਹੈ। ਇਸ ਵਾਰ ਉਹ ਯਿਸੂ ਮਸੀਹ ਦੇ ਰੂਪ ਵਿਚ ਉੱਤਰਿਆ ਹੈ, ਜਿਸ ਨੇ ਜਨਮ ਲਿਆ, ਧਰਤੀ ਤੇ ਰਿਹਾ, ਮਰਿਆ ਅਤੇ ਫੇਰ ਜੀ ਉੱਠਿਆ ਅਤੇ ਸੁਰਗ ਨੂੰ ਉਠਾ ਲਿਆ ਗਿਆ ਤਾਂ ਕਿ ਅਸੀਂ ਸਾਡੀ ਆਤਮਿਕ ਗੁਲਾਮੀ ਤੋਂ ਛੁਡਾਏ ਜਾ ਸਕੀਏ!

ਪਰਮੇਸ਼ੁਰ ਨੇ ਸਾਨੂੰ ਬਪਤਿਸਮਾ ਲੈਣ ਦੇ ਦੁਆਰਾ ਉਸ ਦੇ ਲਹੂ ਨੂੰ ਸਾਡੇ ਜੀਵਨਾਂ ਤੇ ਲਾਉਣਾ ਸਾਡੇ ਲਈ ਸੰਭਵ ਬਣਾਇਆ ਹੈ (ਰੋਮੀਆਂ 6:3, 4)। ਪੌਲੁਸ ਨੇ ਇਸਰਾਏਲ ਦੇ ਬੱਦਲ ਅਤੇ ਸਮੁੰਦਰ ਥਾਣੀਂ ਲੰਘਣ ਦੀ ਤੁਲਨਾ ਬਪਤਿਸਮੇ ਨਾਲ ਕੀਤੀ ਸੀ (1 ਕੁਰਿੰਥੀਆਂ 10:1, 2)। ਇਸ ਲਈ, ਅਸੀਂ ਸਾਡੇ ਬਪਤਿਸਮੇ ਦੀ ਤੁਲਨਾ ਉਨ੍ਹਾਂ ਦੇ ਤਜੁਰਬੇ ਨਾਲ ਕਰ ਸਕਦੇ ਹਾਂ। ਜਿਵੇਂ ਉਹ ਸਮੁੰਦਰ ਦੇ ਪੱਛਮੀ ਕੰਢੇ ਤੇ ਖੜ੍ਹੇ ਹੋ ਕੇ ਉਨ੍ਹਾਂ ਦੀ ਅਜ਼ਾਦੀ ਦਾ ਅਨੰਦ ਮਨਾ ਰਹੇ ਸਨ, ਉਸੇ ਤਰ੍ਹਾਂ ਅਸੀਂ ਅਨੰਦ ਮਨਾ ਸਕਦੇ ਹਾਂ ਜਦੋਂ ਅਸੀਂ ਬਪਤਿਸਮੇ ਦੇ ਪਾਣੀਆਂ ਦੇ ਵਿੱਚੋਂ ਦੀ ਲੰਘ ਜਾਂਦੇ ਹਾਂ।

*ਸਿੱਟਾ।* ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਸਾਨੂੰ ਅਜ਼ਾਦ ਹੋਣ ਦੇ ਲਈ ਕੁਝ ਨਾ ਕੁਝ ਕਰਨਾ ਪੈਂਦਾ ਹੈ। ਸਾਨੂੰ ਬਪਤਿਸਮਾ ਲੈਣ ਦੇ ਲਈ ਆਪਣੀ ਸਹਿਮਤੀ ਜਤਾਉਣੀ ਪੈਂਦੀ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਇਸਰਾਏਲੀਆਂ ਨੇ ਉਨ੍ਹਾਂ ਦੇ ਬੂਹਿਆਂ ਤੇ ਲਹੂ ਲਾਇਆ ਸੀ। ਸਾਨੂੰ ਯਿਸੂ ਉੱਤੇ ਵਿਸ਼ਵਾਸ ਕਰਨਾ ਚਾਹੀਦਾ ਹੈ, ਉਸ ਉੱਤੇ ਆਪਣੀ ਨਿਹਚਾ ਦਾ ਇਕਰਾਰ ਕਰਨ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ, ਆਪਣੇ ਪਾਪਾਂ ਤੋਂ ਤੋਬਾ ਕਰਨੀ ਚਾਹੀਦੀ ਹੈ ਅਤੇ ਬਪਤਿਸਮੇ ਵਿਚ ਉਸ ਦੇ ਨਾਲ ਦਫ਼ਨਾਏ ਜਾਣਾ ਚਾਹੀਦਾ ਹੈ। ਜਦੋਂ ਅਸੀਂ ਖੁਸ਼ਖ਼ਬਰੀ (ਇੰਜੀਲ) ਦਾ ਪਾਲਣ ਕਰਦੇ ਹਾਂ, ਅਸੀਂ ਅਪਰਾਧ, ਗੁਲਾਮੀ ਅਤੇ ਪਾਪ ਦੀ ਸਜ਼ਾ ਤੋਂ ਅਜ਼ਾਦ ਕੀਤੇ ਜਾਂਦੇ ਹਾਂ (ਰਸੂਲਾਂ ਦੇ ਕਰਤੱਬ 2:38; ਰੋਮੀਆਂ 6:22; 8:1)। ਸਾਡੇ ਛੁਟਕਾਰੇ ਦਾ ਕਾਰਣ ਸਾਡੀ ਆਗਿਆਕਾਰੀ ਨਹੀਂ ਹੈ, ਪਰ ਮਸੀਹ ਦਾ ਲਹੂ ਅਤੇ ਪਰਮੇਸ਼ੁਰ ਦੀ ਕਿਰਪਾ ਹੈ।

**"ਖੜੇ ਰਹੋ ... ਅੱਗੇ ਤੁਰੋ" (14:13, 15)**

ਜਦੋਂ ਇਸਰਾਏਲੀਆਂ ਨੇ ਮੁਸ਼ਕਲ ਸਥਿਤੀ ਦਾ ਸਾਹਮਣਾ ਕੀਤਾ, ਯਹੋਵਾਹ ਦੀ ਪਹਿਲੀ ਹਦਾਇਤ ਸੀ "ਖੜੇ ਰਹੋ" ਅਤੇ ਫਿਰ ਇਹ ਕਿ "ਅੱਗੇ ਤੁਰੋ।" ਕਈ ਵਾਰ ਸਾਨੂੰ ਚੁੱਪਚਾਪ ਖੜ੍ਹੇ ਹੋ ਕੇ, ਪ੍ਰਭੂ ਦੁਆਰਾ ਸਾਨੂੰ ਰਾਹ ਵਿਖਾਉਣ ਦੀ ਉਡੀਕ ਕਰਨ ਦੀ ਲੋੜ ਹੁੰਦੀ ਹੈ ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ, ਵਚਨ ਦਾ ਅਧਿਐਨ ਕਰਦੇ ਹਾਂ, ਵਚਨ ਤੇ ਧਿਆਨ ਕਰਦੇ ਹਾਂ ਅਤੇ ਉਸ ਦੀ ਇੱਛਾ ਨੂੰ ਭਾਲਦੇ ਹਾਂ। ਦੂਜੇ ਹਾਲਾਤਾਂ ਵਿਚ, ਸਾਨੂੰ ਨਿਹਚਾ ਨਾਲ "ਅੱਗੇ ਤੁਰਨ," ਪ੍ਰਭੂ ਦੀ ਇੱਛਾ ਨੂੰ ਪੂਰਾ ਕਰਨ ਦੇ ਲਈ ਕਦਮ ਉਠਾਉਣ ਦੀ ਲੋੜ ਹੁੰਦੀ ਹੈ। ਸਾਨੂੰ ਦੋਵੇਂ ਕੰਮ ਕਰਨ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ।

**"ਮੂਸਾ ਵਿਚ ਬਪਤਿਸਮਾ" (14:21, 22; 1 ਕੁਰਿੰਥੀਆਂ 10:1, 2)**

ਸਾਡੇ ਲਈ ਲਾਲ ਸਮੁੰਦਰ ਰਾਹੀਂ ਇਸਰਾਏਲੀਆਂ ਦੇ ਛੁਟਕਾਰੇ ਦੀ ਕਹਾਣੀ ਨੂੰ ਬਪਤਿਸਮੇ ਦੇ ਰੂਪਕ ਦੇ ਤੌਰ ਤੇ ਇਸਤੇਮਾਲ ਕਰਨਾ ਬਿਲਕੁਲ ਜਾਇਜ਼ ਹੈ ਕਿਉਂਕਿ ਪੌਲੁਸ ਨੇ 1 ਕੁਰਿੰਥੀਆਂ 10:1, 2 ਵਿਚ ਦੋਵਾਂ ਦੀ ਤੁਲਨਾ ਕੀਤੀ ਸੀ। ਲਾਲ ਸਮੁੰਦਰ ਦੇ ਵਿੱਚੋਂ ਦੀ ਲੰਘਣਾ ਕਿਵੇਂ ਦਾ ਸੀ ਜਦੋਂ ਅਸੀਂ ਉਹ ਕੀਤਾ ਜਦੋਂ ਅਸੀਂ ਮਸੀਹੀ ਬਣੇ ਸੀ? (1) ਦੋਵਾਂ ਬਪਤਿਸਮਿਆਂ ਵਿਚ ਡੁੱਬਕੀ ਸ਼ਾਮਲ ਸੀ: ਇਸਰਾਏਲੀਆਂ ਨੇ ਬੱਦਲ ਅਤੇ ਸਮੁੰਦਰ ਵਿਚ ਡੁਬਕੀ ਲਾਈ ਸੀ; ਅਸੀਂ ਪਾਣੀ ਵਿਚ ਡੁਬਕੀ ਲਾਈ ਸੀ। (2) ਦੋਵੇਂ ਮੁਕਤੀ ਲੈ ਕੇ ਆਏ: ਇਸਰਾਏਲੀਆਂ ਨੂੰ ਗੁਲਾਮੀ ਤੋਂ ਛੁਟਕਾਰਾ ਮਿਲਿਆ ਅਤੇ ਸਾਨੂੰ ਨਵਾਂ ਜਨਮ ਮਿਲਿਆ। (3) ਉਸ ਤੋਂ ਬਾਅਦ ਦੋਵਾਂ ਨੇ ਅਨੰਦ ਮਨਾਉਣ ਦਾ ਕਾਰਣ ਦਿੱਤਾ। (4) ਦੋਵਾਂ ਨੇ ਪਰਮੇਸ਼ੁਰ ਦੇ ਛੁਟਕਾਰੇ ਨੂੰ ਸੰਭਵ ਬਣਾਇਆ। (5) ਦੋਵਾਂ ਲਈ ਨਿਹਚਾ ਦੀ ਲੋੜ ਸੀ। ਇਸਰਾਏਲੀਆਂ ਨੂੰ ਪਰਮੇਸ਼ੁਰ ਉੱਤੇ ਭਰੋਸਾ ਰੱਖ ਕੇ ਪਾਣੀ ਦੇ ਵਿੱਚੋਂ ਦੀ ਲੰਘਣਾ ਪੈਣਾ ਸੀ; ਸਾਡੀ ਨਿਹਚਾ ਦੇ ਕਾਰਣ ਅਸੀਂ ਬਚਾਏ ਜਾਣ ਦੇ ਲਈ ਪਰਮੇਸ਼ੁਰ ਦੇ ਹੁਕਮ ਦੀ ਪਾਲਣਾ ਕੀਤੀ ਸੀ। (6) ਦੋਵਾਂ ਨੇ ਕਿਸੇ ਚੀਜ਼ ਤੋਂ ਕਿਸੇ ਚੀਜ਼ ਦੇ ਲਈ ਛੁਟਕਾਰਾ ਦਿੱਤਾ ਸੀ। ਇਸਰਾਏਲ ਪਰਮੇਸ਼ੁਰ ਦੀ ਪਰਜਾ, ਪਰਮੇਸ਼ੁਰ ਦੇ ਕੰਮ ਅਤੇ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ

ਦੇ ਲਈ ਜ਼ਿੰਮੇਵਾਰ ਬਣਿਆ; ਉਸ ਤਰ੍ਹਾਂ ਅਸੀਂ ਜ਼ਿੰਮੇਵਾਰ ਬਣੇ।

---

## ਟਿੱਪਣੀਆਂ

[1]ਇਹ ਸੰਭਾਵਨਾ ਅੰਬਰਟੋ ਕਸੁੱਟੋ ਦੀ ਪੁਸਤਕ, *ਏ ਕਮੈਂਟਰੀ ਆਨ ਦ ਬੁਕ ਆਫ਼ ਐਕਸਡਸ*, ਅਨੁਵਾਦ. ਇਜਰਾਏਲ ਅਬਰਾਹਾਮਜ਼ (ਜੇਰੂਸਲਮ: ਮੈਗਨਸ ਪ੍ਰੈਸ, 1997), 161, ਅਤੇ ਪੀਟਰ ਐਨਸ, *ਐਕਸਡਸ*, ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2000) ਵਿਚ ਸਫ਼ਾ 271 ਤੇ ਦੱਸੀ ਗਈ ਹੈ। [2]ਜੇ. ਫਿਲਿਪ ਹਯਾਤ, *ਐਕਸਡਸ*, ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1971), 152. [3]ਵਾਲਡਮਰ ਜੈਨਜ਼ੈਨ, *ਐਕਸਡਸ*, ਬਿਲੀਵਰਸ ਚਰਚ ਬਾਈਬਲ ਕਮੈਂਟਰੀ (ਸਕੌਟਡੇਲ, ਪੈਨਸਿਲਵੇਨੀਆ: ਹਰਾਲਡ ਪ੍ਰੈਸ, 2000), 176. [4]ਵੇਖੋ ਬਿਵਸਥਾ ਸਾਰ 1:30; 3:22; 20:4; ਯਹੋਸ਼ੁਆ 10:14; 10:42; 2 ਇਤਹਾਸ 20:29. ਯਹੋਵਾਹ ਦੀ ਪਰਜਾ ਦੇ ਉਨ੍ਹਾਂ ਲਈ ਲੜਨ ਜਾਂ ਉਨ੍ਹਾਂ ਨੂੰ ਜਿੱਤ ਦੇਣ ਦੇ ਲਈ ਯਹੋਵਾਹ ਤੇ ਨਿਰਭਰ ਹੋਣ ਦੀਆਂ ਉਦਾਹਰਣਾਂ ਲਈ, ਵੇਖੋ ਯਹੋਸ਼ੁਆ 6:1-21; ਨਿਆਈਆਂ 6:13-16; 1 ਸਮੂਏਲ 17:45-47; 2 ਰਾਜਿਆਂ 6:16, 17; 19:32-37. [5]ਜੌਨ ਆਈ. ਡਰਹਮ, *ਐਕਸਡਸ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 198. [6]ਨਾਹੂਮ ਐਮ, ਸਰਨਾ, ਇਕਸਪਲੋਰਿੰਗ ਐਕਸਡਸ: *ਦਿ ਓਰੀਜਿਨਸ ਆਫ਼ ਬਿਬਲੀਕਲ ਇਜਰਾਏਲ* (ਨਿਊ ਯਾਰਕ: ਸ਼ੌਕਨ ਬੁਕਸ, 1996), 114-16. ਸਰਨਾ ਨੇ ਯਹੋਸ਼ੁਆ 4:22-28; ਜ਼ਬੂਰ 66:5, 6; 77:15-21; 78:13, 53; 106:9-11, 22; 114:3, 5; 136:13-15; ਯਸਾਯਾਹ 51:9, 10; 63:11-13 ਦਾ ਹਵਾਲਾ ਦਿੱਤਾ ਸੀ। [7]NIV ਬਾਈਬਲ ਕਹਿੰਦੀ ਹੈ ਕਿ "ਸਮੁੰਦਰ ਆਪਣੀ ਪਹਿਲੀ ਥਾਂ ਤੇ ਵਾਪਸ ਚਲਾ ਗਿਆ। ਮਿਸਰੀ ਇਸ ਦੀ ਵੱਲ ਭੱਜੇ ਜਾ ਰਹੇ ਸਨ ਅਤੇ ਯਹੋਵਾਹ ਨੇ ਉਨ੍ਹਾਂ ਨੂੰ ਸਮੁੰਦਰ ਵਿਚ ਵਹਾ ਦਿੱਤਾ।" NRSV ਬਾਈਬਲ ਦਾ ਅਨੁਵਾਦ ਕਹਿੰਦਾ ਹੈ, "... ਸਵੇਰ ਨੂੰ ਸਮੁੰਦਰ ਇਸ ਦੀ ਸਧਾਰਣ ਡੂੰਘਿਆਈ ਵੱਲ ਪਰਤ ਗਿਆ। ਜਦੋਂ ਮਿਸਰੀ ਇਸ ਦੇ ਸਾਹਮਣੇ ਭੱਜੇ, ਯਹੋਵਾਹ ਨੇ ਮਿਸਰੀਆਂ ਨੂੰ ਸਮੁੰਦਰ ਵਿਚ ਛੰਡ ਸੁੱਟਿਆ।" [8]ਜੈਨਜ਼ੈਨ, 180. [9]ਸਰਨਾ, 113. [10]ਮੂਸਾ ਨੂੰ ਹੋਰ ਬੰਦਾਂ ਵਿਚ ਪਰਮੇਸ਼ੁਰ ਦਾ "ਦਾਸ" ਕਿਹਾ ਗਿਆ ਹੈ (ਗਿਣਤੀ 12:7, 8; ਬਿਵਸਥਾ ਸਾਰ 34:5; ਯਹੋਸ਼ੁਆ 1:2, 7; ਮਲਾਕੀ 4:4)। ਇਹ ਆਦਰ ਵਾਲਾ ਨਾਂ ਆਮ ਤੌਰ ਤੇ ਉਨ੍ਹਾਂ ਨੂੰ ਦਿੱਤਾ ਗਿਆ ਸੀ ਜਿਹੜੇ ਪਰਮੇਸ਼ੁਰ ਦੁਆਰਾ ਇਕ ਖਾਸ ਉਦੇਸ਼ ਦੇ ਲਈ ਚੁਣੇ ਗਏ ਸਨ ਅਤੇ ਉਸ ਦੇ ਪ੍ਰਤੀ ਆਗਿਆਕਾਰੀ ਸਨ, ਜਿਵੇਂ ਕਿ: ਅਬਰਾਹਾਮ, ਅੱਯੂਬ, ਕਾਲੇਬ, ਯਹੋਸ਼ੁਆ, ਦਾਊਦ, ਏਲੀਯਾਹ, ਯਸਾਯਾਹ ਅਤੇ ਮਸੀਹਾ।